A1 Roofing & Siding Ltd.
·ROOFING ·SIDING ·SOFFIT ·STUCCO ·HARDIE ·FASCIA ·EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOU ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 285 Website : www.punjabiakhbaar.ca Email: editor@punjabiakhbaar.ca Friday, 6 February 2026

# ਫ਼ੀਫ਼ਾ ਵਰਲਡ ਕੱਪ ਦੇ ਬਹਾਨੇ ਕੈਨੇਡਾ ਆਉਣ ਲਈ ਇਮੀਗ੍ਰੇਸ਼ਨ ਠੱਗਾਂ ਨੇ ਸ਼ੋਸਲ ਮੀਡੀਆ ਉੱਪਰ ਆਪਣੇ ਜਾਲ ਵਿਛਾਉਣੇ ਸ਼ੁਰੂ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫ਼ੀਫ਼ਾ ਵਰਲਡ ਕੱਪ 2026 ਜਿਉਂ ਜਿਉਂ ਨੇੜੇ ਆ ਰਿਹਾ ਹੈ ਤਾਂ ਅਜਿਹੇ ਮੌਕਿਆਂ ਦਾ ਫਾਇਦਾ ਉਠਾਉਂਦੇ ਹੋਏ ਠੱਗਾਂ ਵੱਲੋਂ ਵਿਛਾਏ ਜਾਲ ਤਹਿਤ ਕੁੱਝ ਵੀਡੀਓ ਕੈਨੇਡਾ ਦੀਆਂ ਇਮੀਗ੍ਰੇਸ਼ਨ ਨੀਤੀਆਂ ਬਾਰੇ ਗੁਮਰਾਹਕੁਨ ਜਾਣਕਾਰੀ ਫ਼ੈਲਾ ਰਹੀਆਂ ਹਨ। ਸੋਸਲ ਮੀਡੀਆ ਉੱਪਰ ਘੁੰਮਦੀ ਇੱਕ ਵੀਡੀਓ ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਦੀ ਵੈਬਸਾਈਟ ਦੇ ਸਕ੍ਰੀਨਸ਼ਾਟ, ਕੈਨੇਡੀਅਨ ਪਾਸਪੋਰਟ ਦੀ ਤਸਵੀਰ ਅਤੇ ਕੈਨੇਡਾ ਦਾ ਝੰਡਾ ਦਿਖਾ ਕੇ ਦਾਅਵਾ ਕੀਤਾ ਗਿਆ ਹੈ ਕਿ ਵਰਲਡ ਕੱਪ ਲਈ ਆਉਣ ਵਾਲੇ ਲੋਕ ਵਿਜ਼ੀਟਰ ਵੀਜ਼ੇ 'ਤੇ ਕੈਨੇਡਾ ਆ ਕੇ ਕੰਮ ਵੀ ਕਰ ਸਕਦੇ ਹਨ ਅਤੇ ਲੰਬੇ ਸਮੇਂ ਲਈ ਰਹਿ ਵੀ ਸਕਦੇ ਹਨ। ਇਹ ਠੱਗ ਲੋਕ ਉਹਨਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ ਜੋ ਜਾਣਕਾਰੀ ਦੀ ਕਮੀ ਕਰਕੇ ਜਾਂ ਸਰਕਾਰੀ ਨਿਯਮਾਂ ਨੂੰ ਖੁਦ ਜਾਂਚੇ ਬਗ਼ੈਰ ਭਰੋਸਾ ਕਰ ਲੈਂਦੇ ਹਨ। ਇਹ ਕੰਮ-ਸਬੰਧੀ ਦਾਅਵੇ ਅਸਲ ਵਿੱਚ IRCC ਦੀ ਇੱਕ ਅਸਥਾਈ ਨੀਤੀ ਨੂੰ ਗ਼ਲਤ ਢੰਗ ਨਾਲ ਪੇਸ਼ ਕਰ ਰਹੇ ਹਨ, ਜੋ ਨਵੰਬਰ ਵਿੱਚ ਐਲਾਨੀ ਗਈ ਸੀ। ਇਹ ਨੀਤੀ ਸਿਰਫ਼ ਫ਼ੀਫ਼ਾ ਵੱਲੋਂ ਸੱਦੇ ਗਏ ਕੁੱਝ ਵਿਦੇਸ਼ੀ ਕਾਮਿਆਂ, ਜਿਵੇਂ ਫ਼ੀਫ਼ਾ ਦੇ ਵਰਕਰ ਜਾਂ ਠੇਕੇਦਾਰਾਂ, ਲਈ ਹੈ, ਨਾ ਕਿ ਆਮ ਦਰਸ਼ਕਾਂ ਲਈ। ਫ਼ੀਫ਼ਾ ਵਰਲਡ ਕੱਪ ਕੈਨੇਡਾ ਵਿੱਚ ਸ਼ਰਨ ਲੈਣ ਦਾ ਮੌਕਾ ਨਹੀਂ ਹੈ ਅਤੇ ਜੋ ਵੀ ਵਿਜ਼ਟਰ ਕੈਨੇਡਾ ਆਉਂਦਾ ਹੈ, ਉਸ ਨੂੰ ਆਪਣੀ ਰਿਹਾਇਸ਼ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਮਨਜ਼ੂਰ ਹੋਇਆ ਸਮਾਂ ਮੁਕੰਮਲ ਹੋਣ 'ਤੇ ਦੇਸ਼ ਛੱਡਣਾ ਪਵੇਗਾ। ਕੁੱਝ ਹੋਰ ਵੀਡੀਜ਼ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਵਰਲਡ ਕੱਪ ਲਈ ਕੈਨੇਡਾ ਆਉਣ ਵਾਲਿਆਂ ਲਈ ਕੋਈ ਵਿਸ਼ੇਸ਼ ਕੈਟਾਗਰੀ ਦਾ ਵੀਜ਼ਾ ਹੈ।




ਇੱਕ ਵੀਡੀਓ ਵਿੱਚ ਠੱਗ ਕਹਿ ਰਿਹਾ ਹੈ ਕਿ ਉਹ 150,000 ਭਾਰਤੀ ਰੁਪਏ (ਅੰਦਾਜਨ 2250 ਕੈਨੇਡੀਅਨ ਡਾਲਰ) ਵਿੱਚ ਇੱਕ ਵੀਜ਼ਾ ਪੈਕੇਜ ਵੇਚ ਰਿਹਾ ਹੈ, ਜਿਸ ਵਿੱਚ ਐਂਬੈਸੀ ਫੀਸ, ਮੈਚ ਦੀਆਂ ਟਿਕਟਾਂ, ਬਾਇ-ਮੈਟ੍ਰਿਕਸ ਅਤੇ ਕੰਸਲਟੈਂਸੀ ਫੀਸ ਸ਼ਾਮਿਲ ਹਨ, ਅਤੇ ਦਾਅਵਾ ਕੀਤਾ ਕਿ ਮਨਜ਼ੂਰੀ ਦੇ ਚਾਂਸ ਜ਼ਿਆਦਾ ਹਨ। ਵਰਲਡ ਕੱਪ ਲਈ ਕੋਈ ਵੀ ਵਿਸ਼ੇਸ਼ ਵਿਜ਼ਟਰ ਵੀਜ਼ਾ ਨਹੀਂ ਹੁੰਦਾ।ਆਮ ਸਥਿਤੀ ਵਾਂਗ ਹੀ ਉਹ ਤੁਹਾਡੀ ਵਿੱਤੀ ਸਥਿਤੀ, ਤੁਹਾਡੀ ਟ੍ਰੈਵਲ ਹਿਸਟਰੀ ਦੇਖਣਗੇ।ਇੱਕ ਫ਼ੋਕਸ ਇਹ ਹੁੰਦਾ ਹੈ ਕਿ ਤੁਸੀਂ ਆਪਣੇ ਦੇਸ਼ ਵਾਪਸ ਜਾ-ਗੇ ਅਤੇ ਕੈਨੇਡਾ ਵਿੱਚ ਵਾਧੂ ਸਮਾਂ ਰਹਿ ਕੇ ਸ਼ਰਨ ਲਈ ਅਰਜ਼ੀ ਨਹੀਂ ਦੇਵੋਗੇ।ਕੈਨੇਡੀਅਨ ਐਂਟੀ-ਫ਼ਰਾਡ ਸੈਂਟਰ ਨੇ ਵੀ ਕਿਹਾ ਹੈ ਕਿ ਉਹਨਾਂ ਨੂੰ ਫ਼ੀਫ਼ਾ ਨਾਲ ਸਬੰਧਤ ਠੱਗੀਆਂ ਬਾਰੇ ਰਿਪੋਰਟਾਂ ਮਿਲ ਰਹੀਆਂ ਹਨ ਅਤੇ ਵੱਡੇ ਅੰਤਰਰਾਸ਼ਟਰੀ ਸਮਾਗਮਾਂ ਦੌਰਾਨ ਅਜਿਹੀ ਧੋਖਾਧੜੀ ਵਧ ਜਾਂਦੀ ਹੈ। ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿ ਇਹ ਠੱਗੀਆਂ ਕੈਨੇਡਾ ਦੇ ਅੰਦਰੋਂ ਹੀ ਚਲ ਰਹੀਆਂ ਹਨ ਜਾਂ ਨਹੀਂ। ਵਰਨਣਯੋਗ ਹੈ ਕਿ 2026 ਫ਼ੀਫ਼ਾ ਵਰਲਡ ਕੱਪ 11 ਜੂਨ ਤੋਂ 19 ਜੁਲਾਈ 2026 ਤੱਕ ਹੋਵੇਗਾ, ਜਿਸ ਦੇ ਮੈਚ ਟੋਰੌਂਟੋ, ਵੈਨਕੂਵਰ ਅਤੇ ਅਮਰੀਕਾ ਤੇ ਮੈਕਸੀਕੋ ਦੇ ਹੋਰ ਸ਼ਹਿਰਾਂ ਵਿੱਚ ਹੋਣਗੇ। ਜੇ ਕੋਈ ਵਿਅਕਤੀ ਵਰਲਡ ਕੱਪ ਦੇ ਨਾਂ 'ਤੇ ਕੈਨੇਡਾ ਵਿੱਚ ਨਿਰਮਾਣ ਕੰਮ ਦੇਣ ਦਾ ਵਾਅਦਾ ਕਰਕੇ ਪੈਸੇ ਮੰਗਦਾ ਹੈ, ਤਾਂ ਇਹ ਪੂਰੀ ਤਰ੍ਹਾਂ ਠੱਗੀ ਹੈ, ਕਿਉਂਕਿ ਕੈਨੇਡਾ ਵਰਲਡ ਕੱਪ ਲਈ ਕੋਈ ਵੀ ਨਵੇਂ ਸਟੇਡੀਅਮ ਨਹੀਂ ਬਣਾ ਰਿਹਾ। ਵਰਲਡ ਕੱਪ ਦੀ ਟਿਕਟ ਹੋਣ ਨਾਲ ਕੈਨੇਡਾ ਦਾਖ਼ਲ ਹੋਣ ਦੀ ਗਾਰੰਟੀ ਨਹੀਂ ਮਿਲਦੀ। ਜਦੋਂ ਯਾਤਰੀ ਕੈਨੇਡਾ ਪਹੁੰਚਦਾ ਹੈ ਤਾਂ ਦਾਖ਼ਲਾ ਦੇਣ ਬਾਰੇ ਅੰਤਿਮ ਫ਼ੈਸਲਾ ਬਾਰਡਰ ਅਧਿਕਾਰੀ ਕਰਦੇ ਹਨ। ਦੁਨੀਆ ਭਰ ਤੋਂ ਆਉਣ ਵਾਲੇ ਯਾਤਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੈਨੇਡਾ ਸਰਕਾਰ ਵਿਦੇਸ਼ਾਂ ਵਿੱਚ ਵੀ ਲੋਕਾਂ ਨੂੰ ਠੱਗੀਆਂ ਤੋਂ ਸਾਵਧਾਨ ਕਰਨ ਲਈ ਉਪਰਾਲੇ ਕਰ ਰਹੀ ਹੈ। ਜੋ ਵੀ ਏਜੰਟ ਦਾਖ਼ਲੇ ਦੀ ਗਾਰੰਟੀ ਦਿੰਦਾ ਹੈ ਤਾਂ ਉਸ ਤੋਂ ਸਾਵਧਾਨ ਰਹੋ। ਉਹਨਾਂ ਕਿਹਾ, ਕਈ ਵਾਰ ਇਹ ਏਜੰਟ ਦਸਤਾਵੇਜ਼ਾਂ ਵਿੱਚ ਹੇਰਾਫ਼ੇਰੀ ਕਰਦੇ ਹਨ ਜਾਂ ਨਕਲੀ ਕਾਗਜ਼ ਬਣਾਉਂਦੇ ਹਨ, ਜਿਸ ਨਾਲ ਵਿਅਕਤੀ ਨੂੰ ਗ਼ਲਤ-ਬਿਆਨੀ ਦੇ ਦੋਸ਼ ਵਿੱਚ ਪੰਜ ਸਾਲ ਤੱਕ ਕੈਨੇਡਾ ਆਉਣ 'ਤੇ ਪਾਬੰਦੀ ਵੀ ਲੱਗ ਸਕਦੀ ਹੈ। ਕੈਨੇਡੀਅਨ ਐਂਟੀ-ਫ਼ਰਾਡ ਸੈਂਟਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਠੱਗੀ ਦੀ ਰਿਪੋਰਟ ਕਰਨੀ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨਾਲ ਠੱਗਾਂ ਦੇ ਤਰੀਕਿਆਂ, ਨਕਲੀ ਵੈੱਬਸਾਈਟਾਂ, ਬੈਂਕ ਖਾਤਿਆਂ, ਫੋਨ ਨੰਬਰਾਂ ਅਤੇ ਸੋਸ਼ਲ ਮੀਡੀਆ ਅਕਾਊਂਟਾਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ।

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016



HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 12 No: 285 Website : www.punjabiakhbaar.ca Email: editor@punjabiakhbaar.ca Friday, 6 February 2026


## ਸਟੈਟਿਸਟਿਕਸ ਕੈਨੇਡਾ ਅਨੁਸਾਰ ਭਵਿੱਖ ਵਿੱਚ ਐਲਬਰਟਾ ਸੂਬੇ ਦੀ ਆਬਾਦੀ ਬੀਸੀ ਨਾਲੋਂ ਵੱਧ ਜਾਣ ਦੀ ਸੰਭਾਵਨਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਵੱਲੋਂ ਬੀਤੇ ਦਿਨੀ ਜਾਰੀ ਕੀਤੀਆਂ ਨਵੀਆਂ ਅਨੁਮਾਨ ਰਿਪੋਰਟਾਂ ਮੁਤਾਬਕ, ਐਲਬਰਟਾ ਆਉਂਦੇ ਬਾਰਾਂ ਸਾਲਾਂ ਵਿੱਚ ਬ੍ਰਿਟਿਸ਼ ਕੋਲੰਬੀਆ ਨੂੰ ਪਿੱਛੇ ਛੱਡ ਕੇ ਕੈਨੇਡਾ ਦਾ ਤੀਸਰਾ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਬਣ ਸਕਦਾ ਹੈ।ਸਰਵੇ ਕਰਨ ਵਾਲੇ ਅਦਾਰੇ ਨੇ ਕੈਨੇਡਾ ਦੀ ਆਬਾਦੀ ਬਾਰੇ 10 ਵੱਖ-ਵੱਖ ਸੰਭਾਵੀ ਸਥਿਤੀਆਂ ਤਿਆਰ ਕੀਤੀਆਂ ਹਨ। ਇਨ੍ਹਾਂ ਵਿੱਚੋਂ 9 ਸਥਿਤੀਆਂ ਵਿੱਚ ਇਹ ਦਿਖਾਇਆ ਗਿਆ ਹੈ ਕਿ 2050 ਤੱਕ ਐਲਬਰਟਾ ਦੀ ਆਬਾਦੀ ਬੀਸੀ ਤੋਂ ਵੱਧ ਹੋ ਜਾਵੇਗੀ। ਸਟੈਟਿਸਟਿਕਸ ਕੈਨੇਡਾ ਦੇ ਜਨਸੰਖਿਆ ਵਿਗਿਆਨੀ, ਜੌਨਾਥਨ ਸ਼ੈਗਨੋਨ ਨੇ ਕਿਹਾ ਕਿ ਜੇ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਇਹ ਬਦਲਾਅ 2038 ਤੱਕ ਵੀ ਹੋ ਸਕਦਾ ਹੈ। ਉਨ੍ਹਾਂ ਕਿਹਾ, ਜੋ ਹਾਲ ਦੀ ਘੜ੍ਹੀ ਅਸੀਂ ਦੇਖ ਰਹੇ ਹਾਂ, ਜੇ ਇਹ ਰੁਝਾਨ ਜਾਰੀ ਰਹਿੰਦਾ ਹੈ, ਤਾਂ ਇਹ ਆਬਾਦੀ ਵਾਲਾ ਬਦਲਾਅ ਹੋ ਜਾਵੇਗਾ। ਪਰ ਰਾਜਨੀਤਕ ਫੈਸਲੇ, ਖ਼ਾਸ ਕਰਕੇ ਇਮੀਗ੍ਰੇਸ਼ਨ ਨੀਤੀਆਂ, ਹਾਲਾਤ ਬਦਲ ਸਕਦੀਆਂ ਹਨ।ਪਰ ਕਈ ਅਨੁਮਾਨਾਂ ਮੁਤਾਬਕ, ਐਲਬਰਟਾ ਕੈਨੇਡਾ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸੂਬਾ ਬਣਿਆ ਰਹੇਗਾ ਅਤੇ 2050 ਤੱਕ ਐਲਬਰਟਾ ਦੀ ਆਬਾਦੀ 6 . 5 ਮਿਲੀਅਨ ਤੋਂ ਲੈ ਕੇ 8 . 1 ਮਿਲੀਅਨ ਤੱਕ ਪਹੁੰਚ ਸਕਦੀ ਹੈ। ਐਲਬਰਟਾ ਦੀ ਆਬਾਦੀ ਵਧਣ ਦੇ ਦੋ ਮੁੱਖ ਕਾਰਨ ਹਨ। ਇੱਕ ਹੈ ਅੰਤਰ-ਸੂਬਾਈ ਪਰਵਾਸ ਯਾਨੀ ਹੋਰ ਸੂਬਿਆਂ ਤੋਂ ਲੋਕਾਂ ਦਾ ਐਲਬਰਟਾ ਵੱਲ ਆ ਕੇ ਵੱਸਣਾ ਅਤੇ ਦੂਜਾ ਇਹ ਕਿ ਇੱਥੇ ਮੌਤਾਂ ਨਾਲੋਂ ਜਨਮਾਂ ਦੀ ਗਿਣਤੀ ਵੱਧ ਹੈ। ਐਲਬਰਟਾ ਨੂੰ ਇੱਕ ਡੈਮੋਗ੍ਰਾਫਿਕ ਲਾਭ ਮਿਲ ਰਿਹਾ ਹੈ ਕਿਉਂਕਿ ਇੱਥੇ ਹੋਰ ਸੂਬਿਆਂ ਦੇ ਮੁਕਾਬਲੇ ਕਾਫ਼ੀ ਨੌਜਵਾਨ ਆਬਾਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਿਹੜੇ ਲੋਕ ਇੱਥੇ ਪਰਵਾਸ ਕਰਕੇ ਆਉਂਦੇ ਹਨ, ਉਹ ਅਕਸਰ ਨੌਜਵਾਨ ਹੁੰਦੇ ਹਨ। ਜੇ ਉਹ ਇੱਥੇ ਹੀ ਰਹਿ ਕੇ ਆਪਣੇ ਪਰਿਵਾਰ ਵਸਾਉਂਦੇ ਹਨ, ਤਾਂ ਇਸ ਨਾਲ ਐਲਬਰਟਾ ਦੀ ਆਬਾਦੀ ਲੰਮੇ ਸਮੇਂ ਤੱਕ ਨੌਜਵਾਨ ਬਣੀ ਰਹਿੰਦੀ ਹੈ। ਨੌਜਵਾਨ ਆਬਾਦੀ ਹੋਣ ਕਰਕੇ ਹੋਰ ਲੋਕ ਕੰਮਕਾਜ ਵਾਲੀ ਉਮਰ ਵਿੱਚ ਰਹਿੰਦੇ ਹਨ ਅਤੇ ਅਰਥਵਿਵਸਥਾ ਵਿੱਚ ਯੋਗਦਾਨ ਪਾਉਂਦੇ ਹਨ, ਜੋ ਸੂਬੇ ਲਈ ਇੱਕ ਵੱਡਾ ਫ਼ਾਇਦਾ ਹੈ।ਪਿਛਲੇ ਪੰਜ ਸਾਲਾਂ ਵਿੱਚ ਐਲਬਰਟਾ ਦੇ ਕਈ ਸ਼ਹਿਰ, ਜਿਨ੍ਹਾਂ ਕੋਲ ਨਵੀਂ ਉਸਾਰੀ ਲਈ ਜ਼ਮੀਨ ਨਹੀਂ ਸੀ, ਮੁਸ਼ਕਲਾਂ ਦਾ ਸਾਹਮਣਾ ਕਰਦੇ ਰਹੇ ਹਨ। ਖ਼ਾਸ ਕਰਕੇ ਕੈਲਗਰੀ ਵਿੱਚ ਇਹ ਸਮੱਸਿਆ 2022 ਵਿੱਚ ਆਏ ਪਹਿਲੇ ਹਾਊਸਿੰਗ ਬੂਮ ਦੌਰਾਨ ਸਾਹਮਣੇ ਆਈ, ਜਦੋਂ ਨਵੀਆਂ ਬਸਤੀਆਂ ਮਨਜ਼ੂਰ ਨਾ ਹੋਣ ਕਾਰਨ ਘਰਾਂ ਦੀ ਸਪਲਾਈ ਘੱਟ ਰਹੀ ਅਤੇ ਘਰਾਂ ਦੀਆਂ ਕੀਮਤਾਂ ਕਾਫ਼ੀ ਵੱਧ ਗਈਆਂ।ਹੁਣ ਤੱਕ ਐਲਬਰਟਾ ਵਿੱਚ ਆਬਾਦੀ ਵਾਧਾ ਮੁੱਖ ਤੌਰ ’ਤੇ ਕੈਲਗਰੀ ਅਤੇ ਐਡਮੰਟਨ ਵਰਗੇ ਵੱਡੇ ਸ਼ਹਿਰਾਂ ਵਿੱਚ ਹੀ ਵੇਖਿਆ ਗਿਆ ਹੈ। ਭਵਿੱਖ ਵਿੱਚ ਇਹ ਜ਼ਰੂਰੀ ਹੈ ਕਿ ਸਰਕਾਰਾਂ ਅਤੇ ਉਦਯੋਗ ਦਰਮਿਆਨੇ ਆਕਾਰ ਦੇ ਸ਼ਹਿਰਾਂ ਵੱਲ ਵੀ ਧਿਆਨ ਦੇਣ, ਤਾਂ ਜੋ ਉੱਥੇ ਵੀ ਲੋਕ ਵੱਸਣ ਅਤੇ ਵੱਡੇ ਸ਼ਹਿਰਾਂ ’ਤੇ ਪੈ ਰਿਹਾ ਦਬਾਅ ਘੱਟ ਹੋ ਸਕੇ।
























# ‘ਮੇਕ ਇਨ ਇੰਡੀਆ’ ਨੂੰ ਉਤਸ਼ਾਹਿਤ ਕਰੇਗਾ ਭਾਰਤ-ਅਮਰੀਕਾ ਸਮਝੌਤਾ: ਜੈਸ਼ੰਕਰ



ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦੋਵਾਂ ਅਰਥਵਿਵਸਥਾਵਾਂ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੇਸ਼ ਦੇ ‘ਮੇਕ ਇਨ ਇੰਡੀਆ’ ਯਤਨਾਂ ਨੂੰ ਮਜ਼ਬੂਤ ਕਰੇਗਾ। ਅਮਰੀਕਾ ਦੇ ਤਿੰਨ ਦਿਨਾ ਦੌਰੇ ’ਤੇ ਆਏ ਜੈਸ਼ੰਕਰ ਨੇ ਕਿਹਾ ਕਿ ਉਹ ਦੁਵੱਲੇ ਵਪਾਰ ਸਬੰਧੀ ਕੀਤੇ ਐਲਾਨਾਂ ਦਾ ਸਵਾਗਤ ਕਰਦੇ ਹਨ। ਭਾਰਤ ਅਤੇ ਅਮਰੀਕਾ ਇੱਕ ਵਪਾਰ ਸਮਝੌਤੇ ’ਤੇ ਸਹਿਮਤ ਹੋਏ ਹਨ ਜਿਸ ਤਹਿਤ ਵਾਸ਼ਿੰਗਟਨ ਭਾਰਤੀ ਵਸਤੂਆਂ ’ਤੇ ਟੈਰਿਫ ਨੂੰ 25 ਪ੍ਰਤੀਸ਼ਤ ਤੋਂ ਘਟਾ ਕੇ 18 ਪ੍ਰਤੀਸ਼ਤ ਕਰੇਗਾ। ਇਸ ਸਬੰਧੀ ਐਲਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ ’ਤੇ ਗੱਲਬਾਤ ਕਰਨ ਤੋਂ ਬਾਅਦ ਕੀਤਾ।

ਜੈਸ਼ੰਕਰ ਨੇ ਐਕਸ ’ਤੇ ਇੱਕ ਪੋਸਟ ਪਾ ਕੇ ਕਿਹਾ, ‘ਇਸ ਸਮਝੌਤੇ ਨਾਲ ਨੌਕਰੀਆਂ ਵਧਣਗੀਆਂ ਤੇ ਇਹ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੋਵਾਂ ਅਰਥਵਿਵਸਥਾਵਾਂ ਵਿੱਚ ਨਵੇਂ ਕੰਮ ਹੋਣਗੇ। ਇਹ ਮੇਕ ਇਨ ਇੰਡੀਆ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰੇਗਾ ਅਤੇ ਤਕਨਾਲੋਜੀ ਬਾਰੇ ਸਬੰਧਾਂ ਨੂੰ ਉਤਸ਼ਾਹਿਤ ਕਰੇਗਾ। ਸਾਡੇ ਆਰਥਿਕ ਸਬੰਧਾਂ ਵਿੱਚ ਮੌਕੇ ਸੱਚਮੁੱਚ ਬਹੁਤ ਜ਼ਿਆਦਾ ਹਨ ਅਤੇ ਸਾਨੂੰ ਉਨ੍ਹਾਂ ਨੂੰ ਸਾਕਾਰ ਕਰਨ ਦਾ ਵਿਸ਼ਵਾਸ ਹੈ। ਇੱਕ ਮਜ਼ਬੂਤ ਆਰਥਿਕ ਸਬੰਧ ਸਾਡੀ ਰਣਨੀਤਕ ਭਾਈਵਾਲੀ ਦੀ ਸਭ ਤੋਂ ਮਜ਼ਬੂਤ ਨੀਂਹ ਹੈ।’ ਵਪਾਰ ਸਮਝੌਤੇ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਖ਼ੁਸ਼ ਹਨ ਕਿ ‘ਮੇਡ ਇਨ ਇੰਡੀਆ’ ਉਤਪਾਦਾਂ ’ਤੇ ਹੁਣ ਟੈਕਸ ਵਿੱਚ ਕਟੌਤੀ ਕੀਤੀ ਜਾਵੇਗੀ।ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਤੇ ਭਾਰਤ ਵਪਾਰ ਸਮਝੌਤੇ ਲਈ ਸਹਿਮਤ ਹੋ ਗਏ ਹਨ। ਇਸ ਕਰਾਰ ਤਹਿਤ ਅਮਰੀਕਾ ਭਾਰਤ ਤੋਂ ਦਰਾਮਦ ਵਸਤਾਂ ’ਤੇ ਲੱਗਦੇ ਟੈਰਿਫ ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰੇਗਾ। ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਨੇ ਰੂਸੀ ਤੇਲ ਦੀ ਖਰੀਦ ਬੰਦ ਕਰਨ ਦੀ ਸਹਿਮਤੀ ਦਿੱਤੀ ਹੈ ਤੇ ਉਹ ਹੁਣ ਅਮਰੀਕਾ ਤੇ ਵੈਨੇਜ਼ੁਏਲਾ ਤੋਂ ਵੱਧ ਤੇਲ ਖਰੀਦੇਗਾ। ਅਮਰੀਕੀ ਸਦਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ ’ਤੇ ਗੱਲਬਾਤ ਮਗਰੋਂ ਦੋਵੇਂ ਮੁਲਕਾਂ ਵਿੱਚ ਵਪਾਰ ਸਮਝੌਤੇ ਬਾਰੇ ਸਹਿਮਤੀ ਬਣੀ ਹੈ। ਨਵੀਂ ਦਿੱਲੀ ਵਿੱਚ ਅਮਰੀਕੀ ਰਾਜਦੂਤ ਸਰਜੀ- ਗੋਰ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਟਰੰਪ-ਮੋਦੀ ਗੱਲਬਾਤ ਦੀ ਪੁਸ਼ਟੀ ਵੀ ਕੀਤੀ ਹੈ।









ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ


App Store | Play Store



# ਪੰਜਾਬੀ ਸਾਹਿਤ ਸਭਾ,ਕੈਲਗਰੀ ਦੀ ਮਿਲਣੀ ਮੌਕੇ ਵਿਛੜੀਆਂ ਸ਼ਖਸ਼ੀਅਤਾਂ ਨੂੰ ਯਾਦ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ, ਕੈਲਗਰੀ ਦੀ ਮੀਟਿੰਗ 25 ਜਨਵਰੀ 2026 ਨੂੰ ਕੋਸੋ ਹਾਲ ਵਿੱਚ ਬਾਦ ਦੁਪਹਿਰ ਦੋ ਵਜੇ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ । ਸਿੱਖ ਬੁੱਧੀਜੀਵੀ ਜੈਤੇਗ ਸਿੰਘ ਅਨੰਤ, ਪ੍ਰਸਿੱਧ ਨਾਟ-ਕਰਮੀ ਇੰਜੀਨੀਅਰ ਜਤਿੰਦਰ ਬਰਾੜ ਅਤੇ ਗੁਰਦਿਆਲ ਸਿੰਘ ਖਹਿਰਾ ਦੇ ਭਰਾ ਹਰਬੰਸ ਸਿੰਘ ਦੇ ਪਿਛਲੇ ਦਿਨੀਂ ਹੋਏ ਅਕਾਲ ਚਲਾਣੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸ਼ੋਕ ਮਤਾ ਪਾਸ ਕੀਤਾ ਗਿਆ । ਜਗਦੇਵ ਸਿੱਧੂ ਆਪਣਾ ਲਿਖਿਆ ਗੀਤ ਗਾ ਕੇ ਸੁਣਾਇਆ। ਜ਼ੀਰ ਸਿੰਘ ਬਰਾੜ ਨੇ ਜ਼ਿੰਦਗੀ ਦੇ ਅਨੁਭਵ ਸਾਂਝੇ ਕੀਤੇ। ਸੁਰਿੰਦਰ ਢਿੱਲੋਂ ਨੇ ਰਾਗਾਂ ਬਾਰੇ ਅਤੇ ਭਾਰਤ ਦੇ ਗਣਤੰਤਰ ਦਿਵਸ ਦੇ ਸੰਬੰਧ ਵਿੱਚ ਅਹਿਮ ਜਾਣਕਾਰੀ ਦਿੱਤੀ। ਮਨਜੀਤ ਬਰਾੜ ਦੀ ਕਵਿਤਾ ਪਰਦੇਸੀ ਪਤੀ ਦੇ ਵਿਯੋਗ ਵਿੱਚ ਮੁਟਿਆਰ ਦੇ ਜਜ਼ਬਾਤਾਂ ਦੀ ਥਾਹ ਪਾ ਗਈ। ਸੁਰਿੰਦਰ ਗੀਤ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ ਜਿਨ੍ਹਾਂ ’ਤੇ ਮਿਆਰੀ ਪੱਖ ਤੋਂ ਚਰਚਾ ਹੋਈ। ਸੋਹਣ ਸਿੰਘ ਭੁੱਚੋ ਨੇ ਆਪਣੀ ਕਵਿਤਾ ਸੁਣਾਈ। ਉਸ ਨੇ ਆਪਣੀ ਤਾਜ਼ਾ ਲਿਖੀ






ਨੇ ਹਰਬੰਸ ਸਿੰਘ ਨੂੰ ਸੰਤ-ਸੁਭਾਅ ਅਤੇ ਪੂਰਨ ਗੁਰਸਿੱਖ ਵੱਜੋਂ ਅਕੀਦਾ ਪੇਸ਼ ਕੀਤਾ, ਜਤਿੰਦਰ ਬਰਾੜ ਨਾਲ਼ ਕੁਲੀਗ ਅਤੇ ਦੋਸਤ ਹੋਣ ਦੇ ਨਾਤੇ ਰਹੀ ਗੂੜ੍ਹੀ ਸਾਂਝ ਦਾ ਜ਼ਿਕਰ ਕੀਤਾ, ਉਸ ਦੀ ਨਾਟ-ਕਲਾ ਨੂੰ ਵੱਡਮੁੱਲੀ ਦੇਣ ਦਾ ਸੰਖੇਪ ਵਿਚ ਵਰਨਣ ਕੀਤਾ, ਸਰਦਾਰ ਜੈਤੇਗ ਸਿੰਘ ਨਾਲ ਮਾਣੇ ਨਿੱਘ ਅਤੇ ਪਿਆਰ ਭਰੇ ਸੰਬੰਧਾਂ ਨੂੰ ਯਾਦ ਕੀਤਾ ਤੇ ਕਿਹਾ ਕਿ ਜੈਤੇਗ ਸਿੰਘ ਅਨੰਤ ਮਹਾਨ ਚਿੰਤਕ, ਲੇਖਕ, ਸੰਪਾਦਕ, ਵਿਦਵਾਨ, ਮੰਨਿਆਂ ਹੋਇਆ ਫੋਟੋਗ੍ਰਾਫ਼ਰ, ਸਿਦਕਵਾਨ, ਅਣਥੱਕ ਅਤੇ ਸਿਰੜੀ ਯੋਧਾ ਸੀ ਜਿਸ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਦਰਮਿਆਨ ਪੁਲ਼ ਦਾ ਕੰਮ ਕੀਤਾ। ਉਨ੍ਹਾਂ ਦੇ ਜਾਣ ਨਾਲ਼ ਇੱਕ ਸੰਸਥਾ ਦਾ ਅੰਤ ਹੋ ਗਿਆ । ਗਿੱਲ ਸੁਖਮੰਦਰ ਨੇ ਕਹਾਣੀ ‘ਗਾਂ ਦਾ ਮੁੱਲ’ ਜ਼ੁਬਾਨੀ ਸੁਣਾ ਕੇ ਹੈਰਾਨ ਕਰ ਦਿੱਤਾ। ਇਹ ਕਹਾਣੀ ਸ਼ਾਹੂਕਾਰਾ ਨਿਜ਼ਾਮ ਦੇ ਸੂਦਖੋਰ ਵਰਤਾਰੇ ਬਾਰੇ ਅਤੇ ਇਸ ਨੂੰ ਤੋੜਨ ਦੀ ਜੁਅੱਰਤ ਕਰਨ ਵਾਲ਼ੀ ਨਵੀਂ ਪੀੜ੍ਹੀ ਦੀ ਇਨਕਲਾਬੀ ਸੋਚ ਦੀ ਪ੍ਰਤੀਕ ਸੀ। ਕਹਾਣੀ ਵਿਚਲਾ ਦ੍ਰਿਸ਼ ਇਉਂ ਪੇਸ਼ ਕੀਤਾ ਗਿਆ ਕਿ ਦਰਸ਼ਕਾਂ ਦੇ ਮਨ ਭਰ ਆਏ। ਕਈ ਤਾਂ ਰੋਂਦੇ ਵੇਖੇ ਗਏ। ਜਗਦੇਵ ਸਿੱਧੂ ਨੇ ਇਸ ਕਹਾਣੀ ਦੀ ਤੁਲਨਾ ਮੁਨਸ਼ੀ ਪ੍ਰੇਮ ਚੰਦ ਦੀ ਉੱਤਮ ਕਹਾਣੀ ‘ਡਾਚੀ’ ਨਾਲ਼ ਕੀਤੀ। ਅਖੀਰ ਵਿੱਚ ਸੁਰਿੰਦਰ ਗੀਤ ਨੇ ਪੇਸ਼ਕਾਰੀਆਂ ਦੇ ਮਿਆਰ ਦੀ ਸ਼ਲਾਘਾ ਕੀਤੀ ਅਤੇ ਸਭ ਦਾ ਧੰਨਵਾਦ ਕੀਤਾ ।ਅਗਲੀ ਮੀਟਿੰਗ 22 ਫਰਵਰੀ 2026 ਨੂੰ ਕੋਸੋ ਹਾਲ ਵਿਚ ਹੋਵੇਗੀ ।

# ਅਮਰੀਕਾ ਦੇ ਉੱਘੇ ਰੇਡੀਓ ਹੋਸਟ ਅਤੇ ਲੇਖਕ ਜਗਤਾਰ ਸਿੰਘ ਗਿੱਲ ਦਾ ਸਨਮਾਨ ਹੋਇਆ



ਕੈਲੇਫੋਰਨੀਆ (ਪੰਜਾਬੀ ਅਖ਼ਬਾਰ ਬਿਊਰੋ) ਕੈਲੇਫੋਰਨੀਆ ਦੇ ਬੇਅ ਏਰੀਆ ਵਿੱਚ ਵਸਦੇ ਉੱਘੇ ਰੇਡ਼ੀਓ ਹੋਸਟ ਅਤੇ ਲੇਖਕ ਜਗਤਾਰ ਸਿੰਘ ਗਿੱਲ (ਪੁਰਾਣੇਵਾਲ) ਦਾ ਪ੍ਰਦੇਸ਼ ਟਾਈਮਜ ਅਖਬਾਰ ਦੀ 20ਵੀ ਵਰੇਗੰਡ ਮੌਕੇ ਅਖ਼ਬਾਰ ਦੇ ਸੰਪਾਦਕ ਬਲਵੀਰ ਸਿੰਘ ਐਮ ਏ ਅਤੇ ਸਾਥੀਆਂ ਵੱਲੋਂ ਪੰਜਾਬੀ ਮਾਂ ਬੋਲੀ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਨਮਾਨ ਉਹਨਾਂ ਨੂੰ ਉੱਘੇ ਫਿਲਮ ਸਾਜ ਕਵੀਰਾਜ ਅਤੇ ਡਾਕਟਰ ਚਰਨਜੀਤ ਸਿੰਘ ਉੱਪਲ ਦੁਆਰਾ ਦਿੱਤਾ ਗਿਆ। ਇੱਥੇ ਇਹ ਵੀ ਦੱਸਣਾ ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਗਿੱਲ ਨੇ ਪੰਜਾਬੀ ਗੀਤਕਾਰੀ ਦੀ ਇੱਕ ਪੁਸਤਕ ਲਿਖੀ ਅਤੇ ਕਈ ਨਾਮਵਰ ਗਾਇਕਾਂ ਨੇ ਉਹਨਾਂ ਦੇ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਦੇ ਜਰੀਏ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਪਿਛਲੇ 11 ਸਾਲ ਤੋਂ ਲਗਾਤਾਰ ਪ੍ਰਦੇਸ਼ ਟਾਈਮ ਪੇਪਰ ਲਈ ਲ਼ਿਖਦੇ ਹੋਏ ਅਮਰੀਕਾ ਵਿੱਚ ਇਹਨੀ ਦਿਨੀ ਉਹ ਰਿਟਾਇਰਮੈਂਟ ਦੀ ਜ਼ਿੰਦਗੀ ਮਾਣਦੇ ਹੋਏ ਪੰਜਾਬੀ ਰੇਡੀਓ ਯੂਐਸਏ ਤੇ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220



SUPERVISA
Medical Insurance
Punjab Insurance Inc
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਲਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਸਰਕਾਰ ਨੇ ਕੀਤਾ ਸਨਮਾਨਿਤ




ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ ਡਾ. ਨੋਰੰਗ ਸਿੰਘ ਮਾਂਗਟ ਅਤੇ ਨਾਲ ਖੜੀਆਂ ਹੋਰ ਨਾਮਵਰ ਸ਼ਖ਼ਸੀਅਤਾਂ

(ਪੰਜਾਬੀ ਅਖਬਾਰ ਬਿਊਰੋ)- ਮੁਹਾਲੀ ਵਿਖੇ ਹੋਏ ਸਾਡੇ ਬਜ਼ੁਰਗ ਸਾਡਾ ਮਾਣ ਰਾਜ ਪੱਧਰੀ ਸਮਾਗਮ ਵਿੱਚ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਪੰਜਾਬ ਦੇ ਸਮਾਜਿਕ ਸੁਰੱਖਿਆ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਵੱਲੋਂ ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਫ਼ਾਊਂਡਰ ਤੇ ਪ੍ਰਧਾਨ ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 21 ਸਾਲਾਂ ਤੋਂ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।

ਪੁਰਸਕਾਰ ਦੇਣ ਸਮੇਂ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਤੋਂ ਇਲਾਵਾ ਉਹਨਾਂ ਨਾਲ ਪੰਜਾਬ ਦੇ ਐਡੀਸ਼ਨਲ ਚੀਫ਼ ਸੈਕਟਰੀ ਸ੍ਰੀ ਵਿਕਾਸ ਪ੍ਰਤਾਪ ਸਿੰਘ, ਐਮ.ਐਲ. ਏ. ਸ. ਕੁਲਜੀਤ ਸਿੰਘ ਰੰਧਾਵਾ, ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ, ਡਿਪਟੀ ਕਮਿਸ਼ਨਰ ਸ੍ਰੀ ਮਤੀ ਕੋਮਲ ਮਿੱਤਲ, ਜੁਆਇੰਟ ਸੈਕਟਰੀ ਸਮਾਜਿਕ ਸੁਰੱਖਿਆ ਅਨੰਦ ਸਾਗਰ, ਜੁਆਇੰਟ ਡਾਇਰੈਕਟਰ ਸ. ਚਰਨਜੀਤ ਸਿੰਘ ਮਾਨ, ਲੁਧਿਆਣਾ ਜਿਲ੍ਹਾ ਦੇ ਸਮਾਜਿਕ ਤੇ ਭਲਾਈ ਅਫ਼ਸਰ ਸ. ਵਰਿੰਦਰ ਸਿੰਘ ਟਿਵਾਣਾ ਅਤੇ ਪੰਜਾਬ ਸਰਕਾਰ ਦੇ ਹੋਰ ਬਹੁਤ ਸਾਰੇ ਸੀਨਅਰ ਅਫਸਰ ਅਤੇ ਨਾਮਵਰ ਸਖਸ਼ੀਅਤਾਂ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਕੁੱਝ ਹੋਰ ਜਿਲ੍ਹਿਆਂ ਦੇ ਨਿਸ਼ਕਾਮ ਸੇਵਾ ਕਰਨ ਵਾਲੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪਰ ਲੁਧਿਆਣਾ ਜਿਲ੍ਹੇ 'ਚੋਂ ਇਸ ਸਨਮਾਨ ਲਈ ਡਾ. ਨੌਰੰਗ ਸਿੰਘ ਮਾਂਗਟ ਨੂੰ ਹੀ ਚੁਣਿਆ ਗਿਆ ਸੀ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੱਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ 'ਤੇ ਫਿਰਕੇ ਸੜਕਾਂ ਕੰਢੇ ਪਏ ਲਾਵਾਰਸ, ਬੇਘਰ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਹੁਣ 235 (ਦੋ ਸੌ ਪੈਂਤੀ) ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਬਜ਼ੁਰਗ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੱਜਾ-ਬਿਸਤਰਾ, ਮੈਡੀਕਲ ਸਹਾਇਤਾ, ਭੋਜਨ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ। ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਚਾਰ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ।










# ਵਿਗਿਆਨਕ ਸੋਚ ਨੂੰ ਪੁੱਠਾ ਗੇੜਾ



ਗੁਰਮੀਤ ਸਿੰਘ ਪਲਾਹੀ
9815802070

**ਇਹਨਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਹਨਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ,ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਉਹ ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਉਹ ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ "ਕਿਉਂ" ਤੇ "ਕਿਵੇਂ" ਜਿਹੇ ਸਵਾਲ ਜੀਵਨ ਅਮਲ ਵਿੱਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ।**

**-ਗੁਰਮੀਤ ਸਿੰਘ ਪਲਾਹੀ**

ਦੇਸ਼ ਭਾਰਤ ਫਿਰਕੂ ਵਰਤਾਰਿਆਂ ਦੀ ਲਪੇਟ ਵਿੱਚ ਹੈ।ਅਜ਼ਾਦੀ ਦੀ ਪੌਣੀ ਸਦੀ ਅਤੇ ਸਵਾ ਤਿੰਨ ਵਰ੍ਹੇ ਬੀਤਣ ਬਾਅਦ ਵੀ ਆਰਥਿਕਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਸ਼ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇਣ ਦੀ ਸਰਦਲ 'ਤੇ ਹੈ।ਅੰਧ ਵਿਸ਼ਵਾਸੀ ਸੋਚ ਅਤੇ ਮਾਨਸਿਕ ਰੋਗ ਭਾਰਤੀ ਸਮਾਜ ਉੱਤੇ ਹਾਵੀ ਹੋਏ ਦਿਸਦੇ ਹਨ।ਆਮ ਲੋਕ ਧਰਮਾਂਫਿਰਕਿਆਂ ਵਿੱਚ ਵੰਡੇ ਹੋਏ, ਗੁਰੂਬਾਬਿਆਂ ਦੀ ਸ਼ਰਨ ਵਿੱਚ ਜਾ ਕੇ ਆਪਣਾ ਆਤਮ-ਵਿਸਵਾਸ ਤਾਂ ਗੁਆ ਹੀ ਰਹੇ ਹਨ, ਸਗੋਂ ਵੱਡੀ ਆਰਥਿਕ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿੱਚ, ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ।ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿੱਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿੱਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।

ਵਿਗਿਆਨਕ ਸੋਚ ਮਨੁੱਖ ਦੇ ਵਿਕਾਸ ਦਾ ਧੁਰਾ ਹੈ, ਪਰ ਜਦੋਂ ਸਰਕਾਰ ਲੋਕਾਂ ਦੇ ਪੱਲੇ ਮੰਦਰਾਂ ਦੇ ਨਿਰਮਾਣ, ਗਊ-ਮੂਤਰ ਵਿੱਚੋਂ ਇਲਾਜ ਦੇ ਗੁਣ, ਪੁਰਾਤਨ ਸਮਿਆਂ ਵਿੱਚ ਉੱਡਣ-ਖਟੋਲੇ ਚੱਲਣ ਦੀਆਂ ਗੱਲਾਂ ਪਾ ਕੇ, ਗੁਰੂਬਾਬਿਆਂ ਦੇ ਦਰਸ਼ਨਾਂ ਨੂੰ ਚਮਕਾ ਕੇ ਆਪਣਾ ਵੋਟ-ਬੈਂਕ ਹਥਿਆਉਂਦੀ ਹੈ, ਤਾਂ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਵੱਜਣਾ ਹੀ ਹੈ।

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਤਦ ਵੀ ਲੱਗਦਾ ਹੈ ਜਦੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਹੈ ਅਤੇ ਸਰਕਾਰ ਸਕੂਲ ਬੰਦ ਕਰਦੀ ਹੈ। ਸਾਲ 2014 ਤੋਂ 2024 ਤੱਕ 89,441 ਸਰਕਾਰੀ ਸਕੂਲ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ ਵਿੱਚ 29,410 ਅਤੇ ਉੱਤਰ ਪ੍ਰਦੇਸ਼ ਵਿੱਚ 25,126 ਸਕੂਲ ਬੰਦ ਹੋਏ-ਉੱਥੇ ਹੀ ਪਿਛਲੇ ਸਾਲਾਂ ਵਿੱਚ ਫਿਰਕਾਪ੍ਰਸਤੀ ਨੇ ਜ਼ੋਰ ਫੜਿਆ। ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 24.2 ਕਰੋੜ ਤੱਕ ਸਿਮਟ ਗਈ ਹੈ, ਜੋ ਕੁਝ ਵਰ੍ਹੇ ਪਹਿਲਾਂ 26 ਕਰੋੜ ਤੋਂ ਵੱਧ ਸੀ। ਦੇਸ਼ ਦੇ ਮੌਜੂਦਾ ਸਰਕਾਰੀ ਸਕੂਲਾਂ ਦੀ ਸਥਿਤੀ ਇਹ ਹੈ ਕਿ 7 ਲੱਖ ਸਕੂਲਾਂ ਵਿੱਚ ਇੰਟਰਨੈੱਟ ਸੁਵਿਧਾਵਾਂ ਨਹੀਂ ਹਨ,1 ਲੱਖ ਸਕੂਲਾਂ ਵਿੱਚ ਟਾਇਲਟ ਨਹੀਂ ਹਨ ਅਤੇ 3 ਲੱਖ ਸਕੂਲਾਂ ਵਿੱਚ ਬਿਜਲੀ ਸੁਵਿਧਾ ਨਹੀਂ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੱਚਿਆਂ ਦੇ ਪੱਲੇ ਪੜ੍ਹਾਈ ਹੀ ਨਹੀਂ ਹੋਵੇਗੀ, ਤਾਂ ਉਨ੍ਹਾਂ ਦੀ ਵਿਗਿਆਨਕ ਸੋਚ ਕਿਵੇਂ ਨਿਖਰੇਗੀ ? ਜੇਕਰ ਹਾਕਮ ਡਾਰਵਿਨ ਦੇ ਸਿਧਾਂਤ ਉੱਤੇ ਸਵਾਲ ਉਠਾਉਣਗੇ, ਤਾਂ ਵਿਗਿਆਨਕ ਸੋਚ ਨੂੰ ਖੋਰਾ ਲੱਗਣਾ ਹੀ ਹੈ। ਸਰਕਾਰਾਂ ਅਤੇ ਸਰਕਾਰਾਂ ਦੇ ਕਾਬਜ਼ ਸਿਆਸਤਦਾਨਾਂ ਦੇ ਕਾਰੇ ਅਤੇ ਕਾਰਨਾਮੇ ਸਾਰਥਕ ਮਨੁੱਖੀ ਸੋਚ ਨੂੰ ਸ਼ਰਮਸਾਰ ਕਰਦੇ ਹਨ।

ਜਦੋਂ ਰਾਜਸਥਾਨ ਦਾ ਸਿੱਖਿਆ ਮੰਤਰੀ 29 ਨਵੰਬਰ ਤੋਂ 6 ਦਸੰਬਰ 2025 ਤੱਕ ਬਾਬਰੀ ਮਸਜਿਦ ਢਾਹੇ ਜਾਣ ਦੀਆਂ ਤਾਰੀਖਾਂ ਨੂੰ 'ਸ਼ੌਰਿਆ ਦਿਵਸ' (ਭਾਵ ਬਹਾਦਰੀ ਦਿਵਸ) ਵਜੋਂ ਮਨਾਉਣ ਦੀ ਗੱਲ ਕਰਦਾ ਹੈ; ਜਦੋਂ 'ਵੰਦੇ ਮਾਤਰਮ' ਗੀਤ ਵਿੱਚੋਂ ਦੇਵੀ-ਦੇਵਤਿਆਂ ਦੀ ਪੂਜਾ ਸੰਬੰਧੀ ਕੱਢੇ ਗਏ ਪੈਰਿਆਂ ਨੂੰ ਮੁੱਦਾ ਬਣਾ ਕੇ ਹਾਕਮ ਧਿਰ ਵੱਲੋਂ ਦੇਸ਼ ਦੀ ਸੰਸਦ ਦੀ ਕਾਰਵਾਈ ਦਾ ਇੱਕ ਦਿਨ ਬਰਬਾਦ ਕੀਤਾ ਜਾਂਦਾ ਹੈ; ਜਦੋਂ ਦੇਸ਼ ਵਿੱਚ ਧਾਰਮਿਕ ਕੱਟੜਤਾ ਅਤੇ ਫਿਰਕੂ ਜਨੂੰਨ ਭੜਕਾਉਣ ਵਾਲੀਆਂ ਕਾਰਵਾਈਆਂ ਪ੍ਰਤੀ ਹਾਕਮ ਧਿਰ ਚੁੱਪ ਵੱਟੀ ਰੱਖਦੀ ਹੈ; ਅਤੇ ਜਦੋਂ ਸੂਫੀ ਸ਼ਾਇਰ ਬੁੱਲੇ ਸ਼ਾਹ ਦੀ ਮਜ਼ਾਰ ਮਸੂਰੀ ਵਿਖੇ ਹਿੰਦੂਤਵਵਾਦੀ ਲੋਕਾਂ ਵੱਲੋਂ ਢਾਹ ਦਿੱਤੀ ਜਾਂਦੀ ਹੈ-ਤਾਂ ਇਹ ਸਾਰੇ ਵਰਤਾਰੇ ਵਿਗਿਆਨਕ ਸੋਚ ਦੇ ਵਿਰੁੱਧ ਜਾਂਦੇ ਹਨ।

ਦੇਸ਼ ਵਿੱਚ ਅਨਪੜ੍ਹਤਾ ਬਣਾਈ ਰੱਖਣ ਅਤੇ ਲੋਕਾਂ ਨੂੰ ਰੋਜ਼ੀ-ਰੋਟੀ ਤੱਕ ਸੀਮਤ ਰੱਖਣ ਪਿੱਛੇ ਹਾਕਮਾਂ ਦੀ ਸੋਚ ਵੀ ਇਹੀ ਦਿਸਦੀ ਹੈ ਕਿ ਲੋਕ ਉਨ੍ਹਾਂ ਦੇ ਪਿਛਲੱਗ ਬਣੇ ਰਹਿਣ। ਵੈਸੇ ਤਾਂ ਪੜ੍ਹੇ-ਲਿਖੇ ਲੋਕ ਵੀ ਅੰਧ ਵਿਸ਼ਵਾਸਾਂ ਵਿੱਚ ਫਸ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਿੱਖਿਆ ਦੌਰਾਨ ਤਰਕ ਅਤੇ ਵਿਗਿਆਨਕ ਦ੍ਰਿਸ਼ਟੀ ਬਾਰੇ ਸਿਖਾਇਆ ਹੀ ਨਹੀਂ ਜਾਂਦਾ। ਨੈਤਿਕ ਸਿੱਖਿਆ ਦਾ ਸਹੀ ਪਾਠ ਪੜ੍ਹਾਉਣ ਦੀ ਥਾਂ ਧਰਮ ਦੇ ਨਾਮ ਹੇਠ ਰੂੜੀਵਾਦੀ ਵਿਚਾਰਾਂ ਅਤੇ ਧਾਰਮਿਕ ਭਾਵਨਾਵਾਂ ਵਧਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਅੱਜ ਜਦੋਂ ਸੰਸਾਰ ਏਕਤਾ ਵੱਲ ਵੱਧ ਰਿਹਾ ਹੈ, ਬਹੁਤੇ ਦੇਸ਼ਾਂ ਦੇ ਲੋਕ ਸੈਕੂਲਰਿਜ਼ਮ ਅਤੇ ਨਾਸਤਿਕ ਵਿਚਾਰਾਂ ਵੱਲ ਅੱਗੇ ਵਧ ਰਹੇ ਹਨ। ਉਨ੍ਹਾਂ ਵਿੱਚ ਦੇਵੀਦੇਵਤਿਆਂ ਜਾਂ ਰੱਬ ਵਿੱਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਵਧ ਰਿਹਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਪ੍ਰਫੁੱਲਿਤ ਹੋ ਰਹੀ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪਹੁੰਚ ਦਾ ਨਤੀਜਾ ਹੈ, ਜਿੱਥੇ ਸਿੱਖਿਆ ਦਾ ਮਿਆਰ ਉੱਚਾ ਹੈ, ਅਜ਼ਾਦ-ਖ਼ਿਆਲੀ ਕਦਰਾਂ-ਕੀਮਤਾਂ ਮਜ਼ਬੂਤ ਹਨ ਅਤੇ ਜਾਣਕਾਰੀ ਤੱਕ ਪਹੁੰਚ ਵਧੀ ਹੈ।

ਪਰ ਜਿੱਥੇ ਡਾਰਵਿਨ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਹੁੰਦੇ ਹਨ, ਸਿਆਸਤ ਨੂੰ ਧਰਮ ਨਾਲ਼ ਲਪੇਟ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ, ਉੱਥੇ ਨਾ ਜੀਵਨ-ਹਾਲਤਾਂ ਸੁਧਰਦੀਆਂ ਹਨ ਅਤੇ ਨਾ ਹੀ ਸਿੱਖਿਆ ਦਾ ਮਿਆਰ ਉੱਚਾ ਹੁੰਦਾ ਹੈ। ਸਮਾਜਿਕ ਸੁਰੱਖਿਆ ਊਣੀ ਰਹਿ ਜਾਂਦੀ ਹੈ।

ਵਿਗਿਆਨਕ ਸੋਚ ਦੇ ਫੈਲਾਅ ਤੋਂ ਬਿਨਾਂ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਧੁੰਦ ਕਦੇ ਸਾਫ਼ ਨਹੀਂ ਹੋ ਸਕਦੀ। ਕਿਆਸ ਕਰੋ ਉਸ ਸਮੇਂ ਦਾ, ਜਦੋਂ ਮਨੁੱਖਾਂ ਵਿੱਚ ਧਰਮ ਅਤੇ ਦੈਵੀ ਸ਼ਕਤੀਆਂ ਦਾ ਅਰੰਭ ਵੀ ਨਹੀਂ ਸੀ- ਉਸ ਵੇਲੇ ਜੀਵਨ ਜਿਉਣ ਦਾ ਮਾਰਗ ਸਿੱਧਾ-ਸਾਦਾ ਸੀ, ਨੈਤਿਕ ਕਦਰਾਂ-ਕੀਮਤਾਂ ਮੌਜੂਦ ਸਨ। ਪਰ ਜਿਵੇਂ-ਜਿਵੇਂ ਧਰਮ ਦੀ ਜਕੜ ਵਧੀ, ਸਮਾਜ ਵਿੱਚ ਇੱਕ ਅਜੀਬ ਕਿਸਮ ਦਾ ਖਲਾਅ ਪੈਦਾ ਹੋਇਆ। ਅੱਜ ਭਾਰਤ ਵਿੱਚ ਧਰਮ ਦੀ ਜਕੜ ਬਹੁਤ ਤਿੱਖੀ ਅਤੇ ਲਗਾਤਾਰ ਵਧ ਰਹੀ ਹੈ।

ਇੱਕ ਪ੍ਰਾਈਵੇਟ ਸਰਵੇ ਅਨੁਸਾਰ, ਦੇਸ਼ ਵਿੱਚ 13 ਫ਼ੀਸਦੀ ਲੋਕ ਗ਼ੈਰ-ਧਾਰਮਿਕ ਅਤੇ 3 ਫ਼ੀਸਦੀ ਪੱਕੇ ਨਾਸਤਿਕ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਧਰਮ ਦਰਜ ਕਰਵਾਉਣ ਲਈ ਧਾਰਮਿਕ ਦਬਾਅ ਕਾਫ਼ੀ ਹੈ। ਫਿਰ ਵੀ 80 ਫ਼ੀਸਦੀ ਲੋਕ ਵੱਖ-ਵੱਖ ਧਰਮਾਂ ਦੇ ਪੈਰੋਕਾਰ ਬਣੇ ਦਿਸਦੇ ਹਨ।

ਤਦੇ ਧਾਰਮਿਕ ਸ਼ਰਧਾ ਦੇ ਨਾਮ 'ਤੇ ਦੇਸ਼ ਦੇ ਵੱਡੇ-ਵੱਡੇ ਬਾਬੇ ਲੋਕਾਂ ਦੇ ਜਜ਼ਬਿਆਂ ਦਾ ਹਨਨ ਕਰ ਰਹੇ ਹਨ ਅਤੇ ਵਿਗਿਆਨਕ ਸੋਚ ਤੇ ਤਰਕ ਨੂੰ ਖੁੰਢਾ ਕਰਕੇ ਸਵਾਰਥੀ ਸਿਆਸਤਦਾਨਾਂ ਦੇ ਸੰਦ ਵਜੋਂ ਕੰਮ ਕਰਦੇ ਦਿਸਦੇ ਹਨ। ਦੇਸ਼ ਵਿੱਚ 10 ਵੱਡੇ ਪ੍ਰਭਾਵਸ਼ਾਲੀ ਬਾਬਿਆਂ ਦਾ ਜ਼ਿਕਰ ਆਮ ਮਿਲਦਾ ਹੈ ਜਿਹੜੇ ਯੋਗ ਸਾਧਨਾ ਅਤੇ ਧਾਰਮਿਕ ਸ਼ਰਧਾ ਦੇ ਨਾਂ 'ਤੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਸਦਗੁਰੂ ਜਗੀ ਵਾਸੂਦੇਵ, ਬਾਬਾ ਰਾਮਦੇਵ, ਸ਼੍ਰੀ ਸ਼੍ਰੀ ਰਵੀ ਸ਼ੰਕਰ, ਮਾਤਾ ਅੰਮਾ, ਮੁਰਾਰੀ ਬਾਪੂ, ਪ੍ਰੇਮਾਨੰਦ ਮਹਾਰਾਜ, ਸਵਾਮੀ ਚੰਦਰਾਨੰਦ ਸਰਸਵਤੀ, ਆਚਾਰਿਆ ਪ੍ਰਸ਼ਾਂਤ ਆਦਿ ਦੇ ਲੱਖਾਂ ਨਹੀਂ, ਕਰੋੜਾਂ ਪੈਰੋਕਾਰ ਹਨ। ਰਾਮ ਰਹੀਮ ਅਤੇ ਸਾਈਂ ਬਾਬਾ ਵਰਗੇ ਬਾਬੇ ਲੋਕਾਂ ਦੇ ਮਨਾਂ, ਧਨ ਅਤੇ ਕਾਰੋਬਾਰਾਂ ਨਾਲ਼ ਖੇਡ ਕੇ ਵੋਟ-ਬੈਂਕ ਸਿਆਸਤਦਾਨਾਂ ਦੇ ਹੱਥ ਫੜਾ ਦਿੰਦੇ ਹਨ। ਇਹਨਾਂ ਬਾਬਿਆਂ ਅਤੇ ਸਵਾਰਥੀ ਸਿਆਸਤਦਾਨਾਂ ਦਾ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਅਤੇ ਸਿਹਤ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਲੋਕਾਂ ਦੀ ਸੋਚ ਨੂੰ ਖੁੰਢਾ ਕਰ ਕੇ ,ਉਹਨਾਂ ਦੀ ਬਿਮਾਰ ਮਾਨਸਿਕਤਾ ਨੂੰ ਹਥਿਆ ਕੇ ,ਉਹਨਾਂ ਦੀ ਸਜਗਤਾ,ਸਮਝ ਅਤੇ ਵਿਵੇਕ ਉੱਤੇ ਭਾਰੂ ਹੋ ਜਾਂਦੇ ਹਨ ਅਤੇ ਉਹਨਾਂ ਦੇ ਕਰਮ ਧਨ ਦੇ ਮਾਲਕ ਬਣ ਬੈਠਦੇ ਹਨ।

ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਸਮੱਸਿਆਵਾਂ ਹਨ- ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਇਹਨਾਂ 'ਚੋਂ ਇੱਕ ਹੈ। ਵੱਡੀ ਅਬਾਦੀ ਨੌਜਵਾਨਾਂ ਦੀ ਹੈ,ਬੇਰੁਜਗਾਰ ਨੌਜਵਾਨਾਂ ਦੀ ਅਥਾਹ ਕੰਮ ਕਰਨ ਦੀ ਸ਼ਕਤੀ ਅਜਾਈਂ ਗੁਆਈ ਜਾ ਰਹੀ ਹੈ। ਦੇਸ਼ 'ਚ ਇੰਤਹਾ ਗ਼ਰੀਬੀ ਹੈ। ਅਨਪੜ੍ਹਤਾ ਦੀ ਵੀ ਕੋਈ ਘਾਟ ਨਹੀਂ ਹੈ। ਦੂਸ਼ਿਤ ਵਾਤਾਵਰਨ ਲੋਕਾਂ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਗੰਦਾ ਪਾਣੀ, ਕੈਂਸਰ ਵਰਗੇ ਰੋਗ ਫੈਲਾ ਰਿਹਾ ਹੈ। ਇਹਨਾਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਜੋ ਕੁਝ ਦੇਸ਼ ਦੇ ਹਾਕਮਾਂ ਵੱਲੋਂ ਵੱਡਾ ਕਰਨ ਦੀ ਲੋੜ ਹੈ, ਉਸ ਦੀ ਥਾਂ ਉੱਤੇ "ਨਾਅਰੇ" ਪਰੋਸੇ ਜਾ ਰਹੇ ਹਨ। ਸਿਹਤ ਸਹੂਲਤਾਂ ਦੇ ਨਾਂ ਉੱਤੇ "ਆਯੁਸ਼ਮਾਨ ਕਾਰਡ" ਆਮ ਲੋਕਾਂ ਦਾ ਕੁਝ ਨਹੀਂ ਸਵਾਰ ਸਕੇ। ਪੰਜਾਬ ਵਿਚਲੇ 10 ਲੱਖ ਬੀਮਾ ਯੋਜਨਾਵਾਂ ਦੀਆਂ ਪਰਤਾਂ ਖੋਲ੍ਹਦਿਆਂ, ਉਸ ਵਿੱਚ ਵੀ ਸਿਆਸੀ ਦੰਭ ਭਰਿਆ ਦਿਸਦਾ ਹੈ।

ਇਹਨਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਹਨਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ,ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਉਹ ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਉਹ ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ "ਕਿਉਂ" ਤੇ "ਕਿਵੇਂ" ਜਿਹੇ ਸਵਾਲ ਜੀਵਨ ਅਮਲ ਵਿੱਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ।

ਉਹ ਵਿਅਕਤੀ ਜਿਸਨੇ ਸਜੱਗ ਹੋ ਕੇ,ਵਿਗਿਆਨਿਕ ਸੋਚ ਨਾਲ਼ ਸੱਤਾ ਦੀਆਂ ਅੱਖਾਂ 'ਚ ਰੜਕਣਾ ਸੀ, ਉਹ ਚੁੱਪ ਦੇ ਹਨੇਰਿਆਂ ਚ ਗਰਕ ਜਾਂਦਾ ਹੈ। ਉਹ ਵਿਅਕਤੀ ਜਿਸਨੇ ਆਪਣੇ ਜੀਵਨ ਦਰਸ਼ਨ ਨਾਲ਼ ਸਥਾਪਤੀ ਵਿਰੁੱਧ ਅਸਹਿਮਤੀ ਪ੍ਰਗਟ ਕਰਨੀ ਹੁੰਦੀ ਹੈ। ਫਾਸ਼ੀਵਾਦ ਦੇ ਦੌਰ 'ਚ ਉਸ ਦੀ ਅਸਹਿਮਤੀ ਅਪਰਾਧ ਗਿਣੀ ਜਾਣ ਲੱਗਦੀ ਹੈ। ਭਾਰਤ ਇਸਦੀ ਜਿਉਂਦੀ ਜਾਗਦੀ ਮਿਸਾਲ ਹੈ।

ਅੱਜ ਹਰ ਹੀਲਾ-ਵਸੀਲਾ ਵਰਤ ਕੇ ਹਾਕਮਾਂ ਵੱਲੋਂ ਆਮ ਆਦਮੀ ਦੀ ਸੋਚ, ਵਿਗਿਆਨਿਕ ਸੋਚ ਨੂੰ ਖੁੰਢਾ, ਖ਼ਤਮ ਕਰਨ ਦੇ ਜਤਨ ਹੋ ਰਹੇ ਹਨ। ਸਿਆਸੀ ਲੋਕਾਂ ਨੂੰ ਜੀ-ਹਜ਼ੂਰੀਏ ਚਾਹੀਦੇ ਹਨ,ਜੋ ਭੇਡਾਂ ਵਾਂਗਰ ਸਿਰ ਸੁੱਟ ਕੇ ਮਗਰ-ਮਗਰ ਚੱਲਣ ।ਹਾਕਮ ਦੀ ਹਾਂ 'ਚ ਹਾਂ ਮਿਲਾਉਣ ।ਬਿਲਕੁਲ ਵੀ ਮੂੰਹੋਂ ਨਾ ਕੁਸਕਣ।

ਦੇਸ਼ ਦਾ ਵੱਡਾ ਸੂਬਾ ਯੂ.ਪੀ.ਉਦਾਹਰਨ ਹੈ- ਭਗਵਾਂਕਰਨ ਧਾਰਮਿਕ ਰਾਜਨੀਤੀ ਦਾ। ਜਿੱਥੇ ਵਿਗਿਆਨਿਕ ਸੋਚ ਨੂੰ ਪੁੱਠਾ ਗੇੜਾ ਦਿੱਤਾ ਗਿਆ। ਧਰਮ ਦੀ ਸਿਆਸਤ ਉਭਾਰੀ ਗਈ। ਇਕ ਪਿਛਾਂਹ-ਖਿੱਚੂ ਸੋਚ ਉਸ ਵੇਲੇ ਦੇਸ਼ 'ਚ ਦੇਖਣ ਨੂੰ ਮਿਲੀ, ਜਦੋਂ ਦੇਸ਼ ਦੇ ਸਾਇੰਸ ਟੈਕਨੋਲੋਜੀ ਵਿਭਾਗ ਵਿੱਚ "ਗਾਂ ਦੇ ਮੂਤਰ" ਉੱਤੇ ਖੋਜ ਦਾ ਕੰਮ ਅਰੰਭਣ ਲਈ ਵੱਡੀਆਂ ਰਕਮਾਂ ਨਵੇਂ ਪ੍ਰਜੈਕਟ ਸ਼ੁਰੂ ਕਰਨ ਲਈ ਲਗਾ ਦਿੱਤੀਆਂ ਗਈਆਂ ਤੇ ਅਸਲ ਵਿਗਿਆਨਿਕ ਪ੍ਰੋਜੈਕਟਾਂ ਉੱਤੇ ਭਾਰੀ ਕਟੌਤੀ ਲਗਾ ਦਿੱਤੀ ਗਈ। ਦੇਸ਼ ਦੇ ਸੂਝਵਾਨ ਵਿਗਿਆਨਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਉਂਞ ਇਹ ਡਰ ਤਾਂ ਦੇਸ਼ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਮਨਾਂ 'ਚ ਵੀ ਬਿਠਾ ਦਿੱਤਾ ਗਿਆ ਹੈ ਅਤੇ "ਅਸਹਿਮਤ ਸੋਚ ਵਾਲੇ" ਲੋਕਾਂ ਉੱਤੇ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਹਨ। ਸੱਤਾ ਤੋਂ ਹੱਕ ਮੰਗਣ ਵਾਲੇ ਲੋਕਾਂ ਉੱਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਹੋ ਰਹੇ ਹਨ। ਉਹਨਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਉਹਨਾਂ ਦੀ ਅਵਾਜ਼ ਬੰਦ ਕੀਤੀ ਜਾ ਰਹੀ ਹੈ। ਇਹ ਉਹ ਲੋਕ ਹਨ, ਜਿਹੜੇ ਆਪਣੀ ਪਛਾਣ ਅਤੇ ਹੋਂਦ ਨੂੰ ਬਣਾਈ ਰੱਖਣ ਦੀ ਲੜਾਈ ਲੜ ਰਹੇ ਹਨ।

ਚੇਤਨਾ ਦਾ ਚਾਨਣ ਮਨੁੱਖ ਦਾ ਅਧਿਕਾਰ ਹੈ। ਤਰਕ, ਦਲੀਲ ਅਤੇ ਪਰਖ-ਪੜਚੋਲ ਉਸ ਦੇ ਆਤਮ-ਵਿਸ਼ਵਾਸ ਨੂੰ ਹੁਲਾਰਾ ਦਿੰਦੇ ਹਨ। ਪਰ ਜੇਕਰ ਉਹਨਾਂ ਪੱਲੇ ਚਮਤਕਾਰੀ ਬਾਬਿਆਂ ਦੀ ਅੰਧ ਵਿਸ਼ਵਾਸੀ ਸੋਚ ਪਾਈ ਜਾਏਗੀ ਤਾਂ ਮਨੁੱਖੀ ਵਿਕਾਸ ਅਧੂਰਾ ਰਹੇਗਾ। ਜੇਕਰ ਵਿਗਿਆਨ ਦੇ ਨਾਮ ਉੱਤੇ ਅੱਧ ਕੱਚੀ ਜਾਂ ਅਧੂਰੀ ਜਾਣਕਾਰੀ ਮੁਹੱਈਆ ਕੀਤੀ ਜਾਏਗੀ ਤਾਂ ਫੇਥ ਵਰਸਿਜ਼ ਫੈਕਟ (ਸ਼ਰਧਾ ਬਨਾਮ ਅਸਲੀਅਤ) 'ਚ ਫ਼ਰਕ ਨਹੀਂ ਕੀਤਾ ਜਾ ਸਕੇਗਾ। ਅੱਧ-ਅਧੂਰੀ ਅੱਧ-ਕੱਚੀ ਸੱਚਾਈ ਫੈਲਾਉਣ ਦਾ ਕੰਮ ਦੇਸ਼ ਦੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਕਰ ਰਹੇ ਹਨ। ਇਹ ਮੰਤਰੀ ਜਦੋਂ ਸਕੂਲ ਦੇ ਬੱਚਿਆਂ ਨੂੰ ਪੁੱਛਦੇ ਹਨ ਕਿ ਦੁਨੀਆ ਦਾ ਸਭ ਤੋਂ ਪਹਿਲਾ ਪੁਲਾੜ ਯਾਤਰੀ ਕੌਣ ਸੀ, ਤਾਂ ਬੱਚਿਆਂ ਨੇ ਜਵਾਬ ਦਿੱਤਾ, "ਨੀਲ ਆਰਮਸਟਰਾਂਗ" ਤਾਂ ਮੰਤਰੀ ਕਹਿੰਦਾ ਹੈ,"ਮੈਨੂੰ ਤਾਂ ਲੱਗਦਾ ਹੈ ਹਨੁਮਾਨ ਜੀ ਸਨ।" ਕੀ ਇਹ ਬੱਚਿਆਂ ਨੂੰ ਅੰਧ ਵਿਸ਼ਵਾਸਾਂ ਤੇ ਚਮਤਕਾਰਾਂ 'ਚ ਫਸਾਈ ਰੱਖਣ ਦਾ ਯਤਨ ਨਹੀਂ ਹੈ ?

ਅਸਲ ਵਿੱਚ ਅੱਜ ਦੇ ਹਾਕਮ ਦੇਸ਼ ਦੀ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇ ਕੇ ਆਪਣੇ ਸਵਾਰਥ ਸਿੱਧ ਕਰਨ ਦੇ ਯਤਨ 'ਚ ਹਨ। ਅੱਜ ਸੱਤਾ ਸੱਚ ਦਾ ਸਾਹਮਣਾ ਨਹੀਂ ਕਰ ਰਹੀ, ਲੋਕਾਂ ਨੂੰ ਭੰਬਲਭੂਸੇ 'ਚ ਪਾ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਦੇਸ਼ ਚ ਕਾਰਪੋਰੇਟ ਦੀ ਲੁੱਟ ਦਾ ਰਾਹ ਪੱਧਰਾ ਰਹੇ ਅਤੇ ਉਹਨਾਂ ਦੀ ਗੱਦੀ ਸੁਰੱਖਿਅਤ ਰਹੇ। ਅਮਰੀਕਾ ਦੇ ਪ੍ਰਸਿੱਧ ਲੋਕ ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਦੇਸ਼ ਭਾਰਤ ਦੇ ਹਾਕਮਾਂ ਉੱਤੇ ਪੂਰਾ ਢੁੱਕਦਾ ਹੈ-"ਜੇ ਸੱਚ ਤੋਂ ਸੱਤਾ ਨੂੰ ਖ਼ਤਰਾ ਹੋਵੇ, ਤਾਂ ਉਸ ਨੂੰ ਸੋਰ ਹੇਠ ਦਬਾ ਦਿੱਤਾ ਜਾਵੇਗਾ।" ਅੱਜ ਜਿੰਨਾ ਸ਼ੋਰ ਰੌਲਾ-ਰੱਪਾ ਦੇਸ਼ ਵਿੱਚ ਹਾਕਮਾਂ ਵੱਲੋਂ ਬਹਿਸਾਂ ,ਵੱਡੇ ਬਿਆਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ, ਇਹ ਜਨਤਾ ਨੂੰ ਬੌਂਦਲਾ ਦੇਣ ਵਾਂਗਰ ਹੈ।ਇਹ ਸ਼ੋਰ ਸੱਚ ਨੂੰ ਢੱਕਣ ਦੀ ਕੋਸ਼ਿਸ਼ ਹੈ, ਪਰ ਦੇਸ਼ ਦੇ ਸੂਝਵਾਨ ਲੋਕ ਇਸ ਸੱਤਾ ਨੂੰ ਵੰਗਾਰਨ ਦੀ ਸਮਰੱਥਾ ਰੱਖਦੇ ਹਨ। ਵਿਗਿਆਨਕ ਸੋਚ, ਤਰਕ ਅਤੇ ਅਜ਼ਾਦ ਚੇਤਨਾ ਤੋਂ ਬਿਨਾਂ ਨਾ ਸਮਾਜ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਲੋਕਤੰਤਰ ਜਿਊਂਦਾ ਰਹਿ ਸਕਦਾ ਹੈ।∅




ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com



This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਗਣਤੰਤਰ ਦਿਵਸ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 26 ਜਨਵਰੀ ਨੂੰ ਵੀਵੋ ਹਾਲ ਵਿੱਚ ਹੋਈ। ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸੁਖਵਿੰਦਰ ਕੌਰ ਉਰਫ਼ ਸੁੱਖੀ ਨੇ ਭਾਰਤ ਦੇ ਗਣਤੰਤਰ ਦਿਵਸ ਦੇ ਇਤਿਹਾਸ, ਪਰੇਡ ਅਤੇ ਰੀਟ੍ਰੀਟ ਬਾਰੇ ਜ਼ਰੂਰੀ ਜਾਣਕਾਰੀ ਦਿੱਤੀ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਇਸਲਾਮ ਧਰਮ ਬਾਰੇ ਬਹੁਤ ਅਹਿਮ ਤੱਥਾਂ ਨਾਲ਼ ਚਾਨਣਾ ਪਾਇਆ। ਉਨ੍ਹਾਂ ਨੇ ਹਜ਼ਰਤ ਮੁਹੰਮਦ ਦੀ ਜੀਵਨੀ ਦਾ ਸੰਖੇਪ ਬਿਉਰਾ ਦੇ ਕੇ ਦੱਸਿਆ ਕਿ ਕਿਵੇਂ ਅਨਾਥਪੁਣੇ ਅਤੇ ਅੱਤ ਦੀ ਗ਼ਰੀਬੀ ਵਿੱਚੋਂ ਉੱਠ ਕੇ ਇਲਹਾਮ ਦੀ ਅਵਸਥਾ ਤੱਕ ਪਹੁੰਚੇ ਅਤੇ ਇਸਲਾਮ ਨੂੰ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਧਰਮ ਬਨਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਦੱਸਿਆ ਕਿ ਆਦਮ, ਮੂਸਾ ਅਤੇ ਹੋਰ ਅਨੇਕਾਂ ਪੈਗ਼ੰਬਰਾਂ ਤੋਂ ਬਾਅਦ ਹਜ਼ਰਤ ਮੁਹੰਮਦ ਆਖ਼ਰੀ ਪੈਗ਼ੰਬਰ ਸਨ। ਕੁਰਾਨ ਦੀਆਂ 114 ਸੂਰਾ ਅਤੇ 6296 ਆਇਤਾਂ ਦੇ ਹਵਾਲੇ ਨਾਲ਼ ਇਸਲਾਮ ਦੇ ਸਰਵ ਮਾਨਵਤਾ ਦੇ ਭਲੇ ਵਾਲ਼ੇ ਅਸੂਲਾਂ ਦੀ ਗੱਲ ਕੀਤੀ। ਉਨ੍ਹਾਂ ਨੇ ਧਾਰਮਿਕ ਆਗੂ ਅਤੇ ਰੂਹਾਨੀ ਆਗੂ ਦਾ ਫ਼ਰਕ ਵੀ ਸਮਝਾਇਆ। ਇਸ ਤੋਂ ਇਲਾਵਾ ਪਲਾਹਾ ਜੀ ਨੇ ਤੰਦਰੁਸਤ ਰਹਿਣ ਦੇ ਕੁੱਝ ਗੁਰ ਦੱਸ ਕੇ ਸਭ ਨੂੰ ਆਪਸ ਵਿਚ ਪਿਆਰ-ਮੁਹੱਬਤ ਨਾਲ਼ ਰਹਿਣ ਅਤੇ ਦੂਜਿਆਂ ਦੀ ਮਦਦ ਕਰਨ ਦਾ ਸੁਨੇਹਾ ਦਿੱਤਾ। ਜਨਵਰੀ ਮਹੀਨੇ ਦੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਜਸਵੀਰ ਸਿਹੋਤਾ ਨੇ ਆਪਣੀ ਕਵਿਤਾ - ਮੈਂ ਪੁਸਤਕ ਦਾ ਸਿਰਲੇਖ ਬਣਾਂ ਅਤੇ ਅਮਰੀਕ ਸਿੰਘ ਨੇ ਦੋ ਕਵਿਤਾਵਾਂ - ਦੋ ਸਲਾਮੀ ਇਸ ਤਿਰੰਗੇ ਕੋ, - ਹਮ ਸਬ ਹਿੰਦੁਸਤਾਨੀ ਹੈਂ - ਸੁਣਾ ਕੇ ਰੌਣਕ ਲਾਈ। ਸੁਰਜੀਤ ਕੌਰ ਕੰਮੋਹ ਨੇ - ਬੱਤੀ ਬਾਲ਼ ਕੇ ਬਨੇਰੇ ਉੱਤੇ ਰੱਖਨੀਆਂ - ਗੀਤ ਗਾ ਕੇ ਮਨਾਂ ਅੰਦਰ ਰੌਸ਼ਨੀ ਕੀਤੀ, ਗਿੱਲ ਸੁਖਮੰਦਰ ਨੇ ਆਪਣਾ ਗੀਤ - ਏਹੀ ਗੱਲ ਸੋਚ ਕੇ ਤਾਂ ਚੁੱਪ ਕਰ ਗਏਆਂ - ਗਾਇਆ। ਅਸ਼ੋਕ ਵਰਮਾ ਨੇ ਇਸ ਗੀਤ ਰਾਹੀਂ ਚੰਗੀ ਮੱਤ ਦਿੱਤੀ - ਬਾਅਦ 'ਚ ਮਿੱਸ ਯੂ ਕਹਿਣ ਵਾਲ਼ਿਉ, ਜਿਉਂਦੇ ਜੀਅ ਲਵ ਯੂ ਕਿਹਾ ਕਰੋ। ਵਿਨੋਦ ਕੁਮਾਰੀ ਨੂੰ ਤਾਂ ਮਾਸੂਮੀਅਤ ਅਤੇ ਸੁਰੀਲੀ ਆਵਾਜ਼ ਕੁਦਰਤੀ ਦਾਤ ਵੱਜੋਂ ਮਿਲੀ ਹੋਈ ਹੈ । ਉਸ ਨੇ - ਅੱਜ ਆਉਣੈ ਮੇਰੇ ਦਿਲ ਜਾਨੀ, ਮੈਂ ਰਾਹ ਵੇਖਾਂ ਗ਼ਲੀਆਂ ਦੇ - ਗਾਇਆ ਤਾਂ ਜਾਦੂਮਈ ਆਵਾਜ਼ ਦਰਸ਼ਕਾਂ ਦੇ ਮਨਾਂ ਅੰਦਰ ਲਹਿ ਗਈ। ਸੁਖਦੇਵ ਬੈਂਸ ਨੇ ਮੀਟਿੰਗਾਂ ਸਮੇਂ ਦਿਖਾਏ ਜ਼ਾਬਤੇ ਲਈ ਸਲਾਹੁਤਾ ਕੀਤੀ ਅਤੇ ਉਸਾਰੂ ਸੁਝਾਅ ਵੀ ਰੱਖੇ। ਤਰਲੋਕ ਚੁੱਘ ਅਤੇ ਭਜਨ ਸਿੰਘ ਸਾਗੂ ਨੇ ਦਰਸ਼ਕਾਂ ਨੂੰ ਹਸਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਹੈਰੀ ਸੇਖੋਂ ਨੇ ਕੈਨੇਡਾ ਵਿੱਚ ਚੰਗੀ ਵਿੱਦਿਆ ਹਾਸਲ ਕਰਨ ਮਗਰੋਂ ਆਰਮੀ ਵਿੱਚ ਜਾਣ ਦੇ ਵਧੀਆ ਮੌਕਿਆਂ ਬਾਰੇ ਕੀਮਤੀ ਜਾਣਕਾਰੀ ਦਿੱਤੀ। ਹਰਕੰਵਲਜੀਤ ਕੌਰ ਨੇ ਲੋੜ ਅਤੇ ਲਾਲਚ ਦੇ ਵਿਸ਼ੇ 'ਤੇ ਬੋਲਦਿਆਂ ਸਬਰ, ਸੰਤੋਖ ਤੇ ਸੰਜਮ ਰੱਖਣ ਦੀ ਨਸੀਹਤ ਪਰੋਸੀ। ਪ੍ਰਮਿੰਦਰ ਗਰੇਵਾਲ਼ ਨੇ ਕਿਹਾ ਕਿ ਸਰੀਰ ਅੰਦਰਲੀਆਂ ਰਮਜ਼ਾਂ ਸੁਣੋ ਤੇ ਉਸ ਮੁਤਾਬਕ ਪ੍ਰਹੇਜ਼ ਕਰ ਕੇ ਉਪਾਅ ਕਰੋ। ਉਸ ਨੇ ਸ਼ੇਅਰ ਸੁਣਾਏ - ਗਿਆ ਵਕਤ ਫਿਰ ਮੁੜ ਹਾਥ ਆਤਾ ਨਹੀਂ। ਡਾ: ਸਰਦਾਰ ਮੱਟੂ ਨੇ ਆਪਣੀ ਜੀਵਨੀ ਦਾ ਸੰਖੇਪ ਬਿਉਰਾ ਦੇ ਕੇ ਜੀਵਨ ਉਚੇਰਾ ਕਰਨ ਵਿੱਚ ਵਿੱਦਿਆ, ਮਿਹਨਤ, ਦ੍ਰਿੜ੍ਹ ਨਿਸ਼ਚਾ ਅਤੇ ਨੇਕ ਇਰਾਦੇ ਦੀ ਅਹਿਮੀਅਤ ਜਤਾਈ। ਉਨ੍ਹਾਂ ਦਾ ਜੀਵਨ ਇੱਕ ਮਿਸਾਲ ਹੈ ਕਿ ਕਿਵੇਂ ਗ਼ਰੀਬੀ 'ਚੋਂ ਉੱਠ ਕੇ ਲਗਨ ਨਾਲ਼ ਚੰਗੀ ਵਿੱਦਿਆ ਹਾਸਲ ਕਰਨ ਸਦਕਾ ਅਧਿਆਪਕ ਅਤੇ ਡਾਕਟਰ ਦੇ ਰੁਤਬੇ ਤੱਕ ਪਹੁੰਚੇ, ਬੱਚਿਆਂ ਨੂੰ ਵਧੀਆ ਵਿੱਦਿਆ ਦਿਵਾ ਕੇ ਜ਼ਿੰਦਗੀ ਦੇ ਸਫਲ ਪੜਾਅ 'ਤੇ ਪੁਚਾਇਆ। ਉਨ੍ਹਾਂ ਦੇ ਪੱਤਰਕਾਰ ਪੁੱਤਰ ਰਵੀ ਨੇ ਐਸੋਸੀਏਸ਼ਨ ਦੀ ਤਾਰੀਫ਼ ਕੀਤੀ। ਰਿਸ਼ੀ ਨਾਗਰ ਨੇ ਅਦਬ-ਅਦਾਬ ਵਾਲ਼ੀ ਭਾਸ਼ਾ ਵਿਚ ਗੁਫ਼ਤਗੂ ਕਰਨ ਨੂੰ ਸਲਾਹਿਆ ਤੇ ਮਜ਼ਾਹੀਆ ਅੰਦਾਜ਼ ਵਿੱਚ ਗੱਲਾਂ ਕਰ ਕੇ ਚਿਰ ਤੋਂ ਬੈਠੇ ਦਰਸ਼ਕਾਂ ਦਾ ਅਕੇਵਾਂ ਤੇ ਥਕੇਵਾਂ ਲਾਹ ਦਿੱਤਾ। ਜਨਾਬ ਤਾਰਿਕ ਮਲਿਕ ਨੇ ਸਪਸ਼ਟ ਕੀਤਾ ਕਿ ਇਸਲਾਮ ਦਾ ਸ਼ਬਦੀ ਅਰਥ ਹੱਕ ਹੈ ਜਿਸ ਦਾ ਹਜ਼ਰਤ ਮੁਹੰਮਦ ਨੇ ਪਰਚਾਰ ਕੀਤਾ। ਉਸ ਨੇ ਗ਼ਜ਼ਲ ਫ਼ੁਰਮਾਈ ਜਿਸ ਦਾ ਮਤਲਾ ਸੀ - ਤੇਰੀ ਮਹਿਫ਼ਿਲ ਮੇਂ ਸੋਜ਼-ਏ-ਜਾਵੇਦਾਨੀ ਲੇ ਕੇ ਆਇਆ ਹੂੰ, ਮੁਹੱਬਤ ਕੀ ਮਤਾ-ਏ-ਗ਼ੈਰਫ਼ਾਨੀ ਲੇ ਕੇ ਆਇਆ ਹੂੰ। ਸਮੈਂ ਦੀ ਵਿਉਂਤਬੰਦੀ ਕਰ ਕੇ ਜਿਸ ਸਲੀਕੇ ਨਾਲ਼ ਸਾਰੇ ਬੁਲਾਰਿਆਂ ਤੇ ਪੇਸ਼ਕਾਰਾਂ ਨੂੰ ਪੂਰਾ ਮੌਕਾ ਮੌਕਾ ਦੇ ਕੇ ਕਾਰਵਾਈ ਨੂੰ ਸੁਚੱਜੇ ਢੰਗ ਨਾਲ਼ ਅੰਜਾਮ ਦਿੱਤਾ ਗਿਆ ਉਸ ਲਈ ਸੁੱਖੀ ਦੇ ਹੁਨਰ ਦੀ ਸਭ ਨੇ ਤਾਰੀਫ਼ ਕੀਤੀ। ਸੁਰਿੰਦਰਜੀਤ ਪਲਾਹਾ ਦੇ ਧੰਨਵਾਦੀ ਸ਼ਬਦਾਂ ਮਗਰੋਂ ਸਭ ਨੇ ਪੌਸ਼ਟਿਕ ਭੋਜਨ ਦਾ ਅਨੰਦ ਮਾਣਿਆਂ।

# ਬਿਕਰਮ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜ਼ਮਾਨਤ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ। ਪੰਜਾਬ ਦੇ ਸਾਬਕਾ ਮੰਤਰੀ ਮਜੀਠੀਆ ਪਿਛਲੇ ਸੱਤ ਮਹੀਨਿਆਂ ਤੋਂ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਹਨ। ਦਰਅਸਲ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ



ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮਜੀਠੀਆ ਦੇ ਹਾਲ ਹੀ ਵਿੱਚ ਕੀਤੇ ਦੌਰਿਆਂ ਤੋਂ ਬਾਅਦ ਹੀ ਇਹ ਫੈਸਲਾ ਆਇਆ ਹੈ।

ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੇ ਅਦਾਲਤ ਦੇ ਬੈਂਚ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਪੁੱਛਿਆ, 'ਤੁਸੀਂ ਉਸ ਨੂੰ ਜੇਲ੍ਹ ਅੰਦਰ ਕਿਉਂ ਰੱਖਣਾ ਚਾਹੁੰਦੇ ਹੋ।' ਅਦਾਲਤ ਨੇ ਅੱਜ ਇਹ ਵੀ ਨੋਟਿਸ ਲਿਆ ਕਿ ਮਜੀਠਿਆ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਸੁਪਰੀਮ ਕੋਰਟ ਵਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਗਿਆ ਸੀ।

ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੇ ਇਹ ਮਾਮਲਾ ਕਥਿਤ ਤੌਰ 'ਤੇ 540 ਕਰੋੜ ਰੁਪਏ ਦੀ ਜਾਇਦਾਦ ਨਾਲ ਸਬੰਧਤ ਹੈ।

ਦੱਸਣਾ ਬਣਦਾ ਹੈ ਕਿ ਪਿਛਲੀ ਸੁਣਵਾਈ ਦੌਰਾਨ ਮਜੀਠੀਆ ਨੇ ਆਪਣੀ ਜਾਨ ਨੂੰ ਖ਼ਤਰੇ ਦੱਸਦੇ ਹੋਏ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਮਜੀਠੀਆ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਐਸ. ਮੁਰਲੀਧਰ ਅਤੇ ਸੂਬਾ ਸਰਕਾਰ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਸਿਧਾਰਥ ਦਵੇ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਹੁਕਮ ਪਾਸ ਕੀਤਾ। ਅਦਾਲਤ ਨੇ ਕਿਹਾ ਕਿ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾ ਰਹੀ ਹੈ। ਅਦਾਲਤ ਨੇ ਖਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਕਿ ਮਜੀਠੀਆ ਨੂੰ NDPS ਮਾਮਲੇ ਵਿੱਚ ਸਾਲ 2022 ਵਿੱਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੂਬਾ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਨੇ 2025 ਵਿੱਚ ਖਾਰਜ ਕਰ ਦਿੱਤੀ ਸੀ।

ਇਸ ਤੋਂ ਇਲਾਵਾ ਮਜੀਠੀਆ ਪਿਛਲੇ ਕਈ ਮਹੀਨਿਆਂ ਤੋਂ ਹਿਰਾਸਤ ਵਿੱਚ ਹਨ ਤੇ ਪੁਲੀਸ ਆਪਣੀ ਰਿਪੋਰਟ ਦਾਖਲ ਕਰ ਚੁੱਕੀ ਹੈ ਅਤੇ ਆਮਦਨ ਤੋਂ ਵੱਧ ਜਾਇਦਾਦ ਦਾ ਇਹ ਮਾਮਲਾ ਸਾਲ 2007 ਤੋਂ 2017 ਦੀ ਮਿਆਦ ਨਾਲ ਸਬੰਧਤ ਹੈ, ਜਦਕਿ FIR ਸਾਲ 2025 ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ (Prevention of Corruption Act) ਤਹਿਤ ਦਰਜ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਵੱਲੋਂ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੁਹਾਲੀ ਲਿਆਂਦਾ ਗਿਆ ਸੀ। ਉਨ੍ਹਾਂ ਨੂੰ ਬਾਰਾਂ ਦਿਨਾਂ ਦੇ ਪੁਲੀਸ ਰਿਮਾਂਡ ਉੱਤੇ ਰੱਖਣ ਮਗਰੋਂ 6 ਜੁਲਾਈ ਨੂੰ ਨਾਭਾ ਦੀ ਨਿਊ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਮਜੀਠੀਆ ਵੱਲੋਂ ਆਪਣੀ ਜ਼ਮਾਨਤ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਸੀ ਅਤੇ ਦੇਸ਼ ਦੀ ਸਿਖ਼ਰਲੀ ਅਦਾਲਤ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ।



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1998, ਕੱਦ 6 ਫੁੱਟ, ਇਲੈਕਟਰੀਕਲ ਡਿਪਲੋਮਾ ਹੋਲਡਰ,ਇਲੈਕਟਰੀਸਨ ਦਾ ਬਿਜਨਿਸ ਕਰਦੇ ਲਈ, ਕਨੇਡਾ ਵਿੱਚ ਰਹਿੰਦੀ ਵੈਲ ਸੈਟਲਡ ਲੜਕੀ, ਜਿਸਦਾ ਕੱਦ ਘੱਟੋ ਘੱਟ 5 ਫੁੱਟ 5 ਇੰਚ ਜਰੂਰ ਹੋਵੇ,ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 3 ਏਕੜ ਜਮੀਨ ਹੈ। ਸੰਪਰਕ: 91 9463530520 ਜਾਂ 403 702 1490 ,ਈ ਮੇਲ: gillkaran50333@gmail.com ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ 1 ਇੰਚ, ਬੀ ਐਸ ਸੀ ਐਗਰੀਕਲਚਰਲ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਸਰਕਾਰ ਵਿੱਚ ਇੰਸਪੈਕਟਰ ਦੀ ਜੌਬ,ਅਤੇ 13 ਏਕੜ ਜਮੀਨ ਦੀ ਮਾਲਕੀ ਹੈ। ਕਨੇਡੀਅਨ ਪੀ ਆਰ ਪੋਆਇੰਟ ਸਿਸਟਮ ਨਾਲ ਹੋਈ ਹੈ। ਛੋਟੀ ਭੈਣ ਕੈਨਡਾ ਰਹਿ ਰਹੀ ਹੈ। ਸੰਪਰਕ: 1 604 902 2632 ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287 ***,

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287 ***., ,
,

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287 ***,

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੂਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ।

ਸੰਪਰਕ: 1 519 572 7598 ਜਾਂ +91 9416020778***287 ***,

## ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ। ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 284*Roop**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

## ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666*** 284***F***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲ਼ੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

## ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

## ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

## ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+ 91 8544819749 ***287 ***

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 9583592000

**Need Office Administrator**

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਬੇਬੇ ਬਾਪੂ ਦਾ ਕਨੇਡਾ ਦਾ ਵੀਜ਼ਾ

ਬੇਬੇ ਬਾਪੂ ਦਾ ਕਨੇਡਾ ਦਾ PR ਵੀਜ਼ਾ ਆ ਗਿਆ
ਕਹਿੰਦੇ ! ਇਕੱਲੇ ਨਹੀਂ ਆ ਸਕਦੇ
ਪੁੱਤ ਸਾਨੂੰ ਆ ਕੇ ਲੈ ਜਾਹ

ਮੈਂ ਵੀ ਪੂਰਾ ਖ਼ੁਸ਼
ਵਾਧੂ ਟੈਕਸ ਦੇਂਦੇਂ ਨੂੰ ਪੰਜ ਸਾਲ ਹੋ ਗਏ ਸਨ
ਖ਼ੁਸ਼ੀ ਖ਼ੁਸ਼ੀ ਵਿੱਚ
ਟੱਪੂੰ ਟੱਪੂੰ ਕਰਦਾ
ਮੈਂ ਵੀ ਪੰਜਾਬ ਪਹੁੰਚ ਗਿਆ

ਕਨੇਡਾ ਨੂੰ ਆਉਣ ਦਾ
ਖ਼ੁਸ਼ੀਆਂ ਭਰਿਆ ਦਿਨ
ਰਿਸ਼ਤੇਦਾਰਾਂ ਨੂੰ ਮਿਲਣ ਦਾ
ਘੁੱਟ ਘੁੱਟ ਜੱਫ਼ੀਆਂ ਪਾਉਣ ਦਾ
ਦਰਵਾਜ਼ਿਆਂ ਨੂੰ ਵੱਡੇ ਵੱਡੇ ਜਿੰਦਰੇ ਲਾਉਣ ਦਾ
ਚਾਬੀਆਂ ਦਾ ਗੁੱਛਾ 'ਭਈਏ' ਹੱਥ ਫੜਾਉਣ ਦਾ
ਵਕਤ ਆ ਗਿਆ

ਬੇਬੇ ਬਾਪੂ ਫੁੱਲੇ ਨਾ ਸਮਾਉਣ
ਬਾਪੂ ਨੇ ਮੁੱਛਾਂ ਨੂੰ ਵੱਟ ਚਾੜ੍ਹਿਆ
ਕਨੇਡਾ ਦੀ ਸਨੋਅ ਵਰਗੀ ਚਿੱਟੀ ਚਿੱਟੀ
ਦਾਹੜੀ ਤੇ ਹੱਥ ਫ਼ੇਰ ਕੇ ਕਹਿੰਦਾ !
ਕਨੇਡਾ ਜਾ ਕੇ ਤਾਂ ਮੌਜਾਂ ਹੀ ਮੌਜਾਂ
ਡਾਕਟਰ ਫ੍ਰੀ
ਦਵਾਈਆਂ ਫ੍ਰੀ
ਸਰਜਰੀਆਂ ਫ੍ਰੀ
ਡੈਂਟਲ ਫ੍ਰੀ
ਜਿੰਮ ਫ੍ਰੀ
ਲਾਇਬ੍ਰੇਰੀਆਂ ਫ੍ਰੀ
ਬੱਸਾਂ ਫ੍ਰੀ
ਟਰੇਨਾਂ ਫ੍ਰੀ
GST, Income Tax ਦੇ ਚੈੱਕ ਫ੍ਰੀ
ਗੱਲ ਕੀ ਸਭ ਕੁਝ ਹੀ ਫ੍ਰੀ

ਮੌਜ ਕਰਾਂਗੇ, ਐਸ਼ ਕਰਾਂਗੇ
ਤਾਸ਼ ਦੀਆਂ ਬਾਜ਼ੀਆਂ ਲਾਵਾਂਗੇ
ਪਾਰਕਾਂ ਵਿੱਚ ਬੈਠ ਢੋਲੇ ਦੀਆਂ ਲਾਵਾਂਗੇ

ਦਿੱਲੀ ਪਹੁੰਚੇ !
ਨਾਲ ਲਿਆਂਦੇ ਦੇਸੀ ਪਰਾਉਂਠਿਆਂ
ਦਾ ਮੰਤਰ ਪੜ੍ਹਿਆ ਪੇਟ ਪੂਜਾ ਕੀਤੀ

ਚੈੱਕ-ਇਨ ਲਈ
ਅਵਾਜ਼ਾਂ ਪੈਣ ਲੱਗੀਆਂ
ਧੱਕਮ ਧੱਕੀ ਹੋਣ ਲੱਗੀ
ਭਾਰਤੀ ਲੋਕ ਔਕਾਤ ਦਿਖਾਉਣ ਲੱਗੇ
ਮੂਹਰੇ ਖੜ੍ਹੇ ਹੋਣ ਲਈ
ਇੱਕ ਦੂਜੇ ਦੇ ਪੈਰ ਮਿੱਧਣ ਲੱਗੇ

ਕਾਊਂਟਰ ਤੇ ਖੜ੍ਹੀ ਕੁੜੀ ਕਹਿੰਦੀ !
'ਪਲੀਜ਼ ਟੇਕ ਔਫ਼ ਹਿੱਜ ਕਿਰਪਾਨ
ਐਂਡ ਪੁੱਟ ਇੱਟ ਇੰਨ ਦਾ ਸੂਟਕੇਸ'
ਬਾਪੂ ਪੁੱਛਦਾ ! ਕੀ ਕਹਿੰਦੀ ਹੈ ?
ਕਹਿੰਦੀ ਆ ਕਿ ਕਿਰਪਾਨ ਲਾਹੁਣੀ ਪੈਣੀ ਹੈ
ਸੂਟਕੇਸ ਵਿੱਚ ਪਾਉਣੀ ਪੈਣੀ ਹੈ

ਡੌਰ ਭੌਰ ਜਿਹਾ ਹੋ ਕੇ
ਬਾਪੂ ਆਸੇ ਪਾਸੇ ਦੇਖਣ ਲੱਗਿਆ
ਬਾਪੂ ਨੇ ਬੇਬੇ ਵੱਲ ਦੇਖਿਆ
ਬੇਬੇ ਕਹਿੰਦੀ !
ਲਾਹ ਕੇ ਫੜਾਂ ਪਰ੍ਹਾਂ
ਉਹ ਇਸ ਨੂੰ ਖ਼ਾ ਤਾਂ ਨਹੀਂ ਚੱਲੇ
ਕਨੇਡਾ ਪਹੁੰਚਣ ਤੋਂ ਬਾਅਦ ਮਿਲ ਜਾਊਗੀ

ਸੋਚ ਸੂਚ ਕੇ
ਹਿਸਾਬ ਕਿਤਾਬ ਲਾ ਕੇ

ਬਾਪੂ ਕਹਿੰਦਾ !
ਮੈਂ ਕਿਰਪਾਨ ਨਹੀਂ ਲਾਹੁਣੀ
ਜੇ ਮੈਂ ਕਿਰਪਾਨ ਲਾਹ ਦਿੱਤੀ ਤਾਂ
ਮੇਰਾ ਅੰਮ੍ਰਿਤ ਟੁੱਟ ਜਾਵੇਗਾ
ਚਕਨਾ ਚੂਰ ਹੋ ਜਾਵੇਗਾ
ਪੀਸੋ ਪੀਸ ਹੋ ਜਾਵੇਗਾ
ਫ਼ਿਰ ਇਕੱਠਾ ਨਹੀਂ ਹੋਣਾ
ਮੈਂ ਇਹ ਨਹੀਂ ਲਾਹੁਣੀ
ਭਾਵੇਂ ਮੇਰੀ ਧੌਣ ਲਾਹ ਦੇਵੋ

ਮੈਂ ਕਿਹਾ !
ਬਾਪੂ ਡਾਲਰਾਂ ਨਾਲ ਝੋਲੀ ਭਰਨ ਖ਼ਾਤਰ
PR ਲੈਣ ਲਈ
ਐਸ਼ ਊਸ਼ ਕਰਨ ਲਈ
ਵਧੀਆਂ ਦੇਸ਼ਾਂ ਦੀ ਸੈਰ ਕਰਨ ਲਈ
ਕਥਾਕਾਰ, ਕੀਰਤਨੀਏ, ਜਥੇਦਾਰ, ਪ੍ਰਧਾਨ
ਆਪਣੇ ਆਪ ਨੂੰ ਗੁਰੂਆਂ ਦੇ ਸੱਚੇ ਸਿੱਖ ਕਹਾਉਣ ਵਾਲੇ
ਜਲਦੀ ਜਲਦੀ ਲਾਹ ਕੇ ਜਮਾਂ ਕਰਾ ਦਿੰਦੇ ਹਨ

ਬਾਪੂ ਕਹਿੰਦਾ !
ਕਨੇਡਾ ਨਾ ਜਾਣਾ ਮਨਜ਼ੂਰ ਹੈ
ਪਰ ਮੈਂ ਕਿਰਪਾਨ ਨਹੀਂ ਲਾਹੁਣੀ
ਬਾਪੂ ਬ੍ਰੀਚਰ ਗਿਆ
ਹਲਟ ਦੇ ਕੁੱਤੇ ਵਾਂਗ ਅੜ ਗਿਆ

ਬਾਪੂ ਨੇ ਟਿਕਟ ਪਾੜ ਕੇ
ਮੇਰੇ ਹੱਥ ਫ਼ੜਾਈ
ਦਾਹੜੀ ਤੇ ਹੱਥ ਫੇਰ ਕੇ ਕਹਿੰਦਾ
ਭਾਵੇਂ ਬੱਦਲਵਾਈ ਹੋਵੇ ਜਾਂ 'ਸੰਨੀ ਡੇਅ'
ਇਹ ਕਿਰਪਾਨ ਤਾਂ ਹੁਣ
ਸਿਵਿਆਂ ਵਿੱਚ ਮੇਰੇ ਨਾਲ ਹੀ ਜਾਊਗੀ
ਸਿਵਿਆਂ ਵਿੱਚ ਮੇਰੇ ਨਾਲ ਹੀ ਜਾਊਗੀ

**ਸਨੀ ਧਾਲੀਵਾਲ**

## ਬੜੀ ਚੰਗੀ ਸੀ ਉਹ !

ਹੁਣ ਮੈਂ ਨਰਸਿੰਗ ਹੋਮ ਵਿੱਚ ਰਹਿੰਦਾ ਹਾਂ
ਇਕੱਲੇਪਨ ਨੂੰ ਡਰਾਉਣ ਲਈ
ਕੰਧੋਂ ਪਾਰ ਕਰਾਉਣ ਲਈ
ਫਿਰ ਜਲਦੀ ਮੇਰੇ ਨੇੜੇ ਨਾਂਹ ਆਵੇ
ਕਿਤੇ ਬਹੁਤ ਦੂਰ ਭਜਾਉਣ ਲਈ
ਆਪਣੇ ਆਪ ਨੂੰ ਮਸ਼ਰੂਫ ਰੱਖਣ ਲਈ
ਆਪਣੇ 'ਵਾਕਰ' ਨਾਲ ਗੱਲਾਂ ਕਰ ਰਿਹਾ ਸੀ

ਹੁਣ ਵਾਕਰ ਹੀ ਮੇਰੀ ਦੋਸਤ ਹੈ
ਪਾਰਟਨਰ, ਮੱਦਦਗਾਰ ਹੈ
ਡਿੱਕ ਡੋਲੇ ਖਾਂਦੇ ਨੂੰ ਡਿੱਗਣ ਤੋਂ ਬਚਾਉਣ ਵਾਲੀ
ਤੁਰਦਾ ਫਿਰਦਾ ਰੱਖਣ ਵਾਲੀ
ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਲੈ ਜਾਣ ਵਾਲੀ
ਬੇਝਿਜਕ ਹਰ ਵਕਤ ਮੇਰਾ ਸਾਥ ਨਿਭਾਉਣ ਵਾਲੀ
ਬਗੈਰ ਨੋਟਿਸ ਤੋਂ ਤਿਆਰ ਬਰ ਤਿਆਰ ਰਹਿਣ ਵਾਲੀ

ਥੋੜ੍ਹੀ ਥੋੜ੍ਹੀ ਸਨੋ ਪੈ ਰਹੀ ਸੀ
ਪਰ ਵਧੀਆ ਸੰਨੀ ਡੇਅ ਸੀ
ਸੂਰਜ ਲਿਸ਼ਕਾਰੇ ਮਾਰਦਾ ਸੀ
ਖਿੜਕੀਆਂ ਰਾਹੀਂ ਝਾਤੀਆਂ ਮਾਰਦਾ ਸੀ
ਵਿਟਾਮਿਨ ਡੀ ਦੇ ਗੱਫੇ ਖਲਾਰਦਾ ਸੀ
ਸ਼ੀਸ਼ੇ ਨੂੰ ਤੋੜ ਕੇ ਅੰਦਰ ਵੜ੍ਹਨ ਦੀ ਕੋਸ਼ਿਸ਼ ਕਰਦਾ ਸੀ

ਉਹ ਮੇਰੇ ਖ਼ਿਆਲਾਂ ਵਿੱਚ ਆਉਣ ਲੱਗੀ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਮੈਨੂੰ ਬੰਦਾ ਬਣਾਉਣ ਵਿੱਚ
ਉਸਦਾ ਬਹੁਤ ਵੱਡਾ ਹੱਥ ਹੈ
'ਲਾਈਨ' ਵਿੱਚ ਕਿਸ ਤਰ੍ਹਾਂ ਖੜ੍ਹਨਾ ਹੈ
Thank you, Welcome
Please and Sorry
ਕਿਵੇਂ, ਕਿੱਥੇ, ਕਦੋਂ 'ਤੇ ਕਿਸ ਨੂੰ ਕਹਿਣਾ
ਉਸ ਨੇ ਮੈਨੂੰ ਬੜੇ ਪਿਆਰ ਨਾਲ ਸਿਖਾਇਆ

ਬਾਕੀ ਸ਼ਬਦ ਤਾਂ ਮੈਂ ਜਲਦੀ ਸਿੱਖ ਗਿਆ
ਪਰ 'ਸੌਰੀ' ਸ਼ਬਦ ਨੇ ਬੜਾ ਤੜਫਾਇਆ
'ਸੌਰੀ ' ਸ਼ਬਦ ਮੇਰੇ ਮੂੰਹੋਂ ਨਹੀਂ ਸੀ ਨਿਕਲਦਾ
ਰੌਲ਼ਾ ਪਾਉਂਦਾ, ਨਾਂਹ ਨਾਂਹ ਕਰਦਾ
ਆਪਣੀ ਅੜੀ ਤੇ ਆ ਜਾਂਦਾ
ਆਪਣੇ ਆਪ ਨੂੰ ਉੱਚੀ ਜਾਤ ਦਾ ਸਮਝਦਾ
ਹੰਕਾਰੀ ਹੋ ਜਾਂਦਾ
ਪੋਲੇ ਜਿਹੇ ਸ਼ਬਦ ਤੋਂ ਲੱਕੜ ਦਾ ਬਣ ਜਾਂਦਾ
ਮੇਰੇ ਸੰਘ ਵਿੱਚ ਅੜ ਜਾਂਦਾ
ਉੱਥੇ ਹੀ ਬੈਠ ਜਾਂਦਾ

ਸ਼ਾਇਦ !
ਪੰਜਾਬੀ ਹੋਣ ਕਰਕੇ
'ਪੰਜਾਬੀ ਸਭਿਆਚਾਰ' ਦਾ ਹਿੱਸਾ ਹੋਣ ਕਰਕੇ
'ਸੌਰੀ' ਸ਼ਬਦ ਮੇਰੇ ਗਲ਼ੇ ਵਿੱਚੋਂ ਬਾਹਰ ਨਿੱਕਲਣ ਦੀ ਥਾਂ
ਵਾਪਸ ਆਪਣੇ ਘਰ ਮੁੜ ਜਾਂਦਾ
ਉਹ ਮੇਰੀ ਬਹੁਤ ਮੱਦਦ ਕਰਦੀ
ਇਸ ਨੂੰ ਬਾਹਰ ਕਢਾਅ ਕੇ ਹਟਦੀ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਉਸਨੇ ਮੈਨੂੰ ' No Means NoÓ
ਦਾ ਮਤਲਬ ਬੜੇ ਹੀ ਪਿਆਰ ਨਾਲ ਸਮਝਾਇਆ
ਮੈਂ ਟਿਪੀਕਲ ਪੰਜਾਬੀ
'No Means No' ਨੂੰ ਵੀ
Yes ਹੀ ਸਮਝਦਾ ਰਿਹਾ
'ਟੋਇਲਟ ਸੀਟ' ਨੂੰ ਕਦੋਂ ਉੱਤੇ ਥੱਲੇ ਕਰਨਾ
ਉਸ ਬੜੇ ਪਿਆਰ ਨਾਲ ਮੇਰੇ ਦਿਮਾਗ਼ ਦੀ
'ਲੌਂਗ ਟਰਮ ਮੈਮਰੀ' ਵਿੱਚ ਪਾਇਆ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਮੈਨੂੰ ਉਸਨੇ ਜ਼ਿੰਦਗੀ ਜਿਉਣ ਦਾ ਮਤਲਬ ਸਮਝਾਇਆ
ਚੰਗੀਆਂ ਕਿਤਾਬਾਂ ਨੂੰ ਮੇਰੇ ਹੱਥ ਫੜਾਇਆ
ਚੰਗਾ ਇਨਸਾਨ ਕਿਸ ਤਰ੍ਹਾਂ ਬਣਨਾ
ਇਸ ਦਾ ਸਬਕ ਬਹੁਤ ਹੀ
ਸੌਖੇ 'ਤੇ ਸਰਲ ਸ਼ਬਦਾਂ ਵਿੱਚ ਸਮਝਾਇਆ
ਸਭਿਆਚਾਰ, ਧਰਮ, ਰੀਤੀ ਰਿਵਾਜਾਂ,
ਚਿੱਟੀ ਸਿਉਂਕ, ਭਗਵਿਆਂ
ਕਿਰਪਾਨਾਂ 'ਤੇ ਤ੍ਰਿਸੂਲਾਂ ਤੋਂ ਕਿਸ ਤਰ੍ਹਾਂ ਬਚਣਾ ਹੈ
ਇਹ ਵੀ ਚੰਗੀ ਤਰ੍ਹਾਂ ਮੇਰੇ
ਸਿਰ ਦੇ ਖੱਬੇ ਖ਼ਾਨੇ ਵਿੱਚ ਪਾਇਆ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਖਾਣਾ ਬਣਾਉਣਾ, ਸਫ਼ਾਈ, ਲਾਂਡਰੀ 'ਤੇ ਸ਼ਾਪਿੰਗ
ਕਿਸ ਤਰ੍ਹਾਂ ਕਰਨੀ ਹੈ
ਉਸਨੇ ਮੈਨੂੰ ਇੱਕ ਚੰਗੇ ਅਧਿਆਪਕ ਵਾਂਗ ਪੜ੍ਹਾਇਆ
ਬੜੀ ਸਮਾਰਟ 'ਤੇ ਪ੍ਰੈਕਟੀਕਲ ਸੀ ਉਹ
ਬੜ੍ਹੀ ਦੂਰ ਅੰਦੇਸ਼ ਸੀ ਉਹ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਉਸ ਨੂੰ ਮੇਰਾ ਮਨ ਪੜ੍ਹਨਾ ਆਉਂਦਾ ਸੀ
ਮੇਰੇ ਮਨ ਦਾ ਬੂਹਾ ਖੜਕਾਉਣਾ ਆਉਂਦਾ ਸੀ
ਮੇਰੇ ਦਿਲ ਵਿੱਚ ਵੜਨਾ ਆਉਂਦਾ ਸੀ
ਮੇਰੀ ਉਦਾਸੀ ਨੂੰ ਕਿਸ ਤਰ੍ਹਾਂ ਦੂਰ ਭਜਾਉਣਾ
ਇਸ ਦਾ ਇਲਾਜ ਵੀ
ਬੜ੍ਹੇ ਵਧੀਆਂ ਤਰੀਕੇ ਨਾਲ ਕਰ ਲੈਂਦੀ ਸੀ
ਉਦਾਸੀ ਨੂੰ ਦੂਰ ਭਜਾਉਣ ਲਈ
ਉਹ ਮੈਨੂੰ ਪਿੱਛੋਂ ਜੱਫੀ ਪਾਉਂਦੀ
ਮੇਰੀ ਧੌਣ ਤੇ ਆਪਣੇ ਲਾਲ ਲਾਲ ਬੁੱਲ ਰੱਖ ਦਿੰਦੀ
ਮੇਰੇ ਕੁਤਕਤਾੜੀਆ ਕੱਢਦੀ
ਖਿੜ੍ਹ ਖਿੜ੍ਹ ਹੱਸਦੀ, ਮੈਨੂੰ ਵੀ ਹਸਾਉਂਦੀ
ਮੈਨੂੰ ਭੰਬੀਰੀ ਵਾਂਗੂੰ ਘਮਾਉਂਦੀ
ਮੇਰੀ ਉਦਾਸੀ ਨੂੰ ਖੰਭ ਲਾ ਕੇ ਬਹੁਤ ਦੂਰ ਭਜਾਉਂਦੀ

ਹੁਣ ਮੈਂ !
ਇਹ ਸਭ ਕੁਝ ਬਹੁਤ ਮਿਸ ਕਰਦਾ ਹਾਂ
ਹੁਣ ਮੈਨੂੰ ਕੋਈ ਵੀ ਪਿੱਛੋਂ ਜੱਫ਼ੀ ਨਹੀਂ ਪਾਉਂਦਾ
ਹੁਣ ਮੈਂ ਲਾਲ ਲਾਲ ਬੁੱਲਾਂ ਦੀ ਛੋਹ ਨੂੰ ਤਰਸਦਾ ਹਾਂ
ਹੁਣ ਮੇਰੀ ਉਦਾਸੀ ਨੂੰ ਕੋਈ ਦੂਰ ਨਹੀਂ ਭਜਾਉਂਦਾ
ਹੁਣ ਉਦਾਸੀ ਸਦਾ ਮੇਰੀ ਬੁੱਕਲ਼ ਵਿੱਚ ਬੈਠੀ
ਰਹਿੰਦੀ ਹੈ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਉਹ ਮੇਰੇ ਸਾਹਮਣੇ ਆਪਣੀ ਸਾੜ੍ਹੀ ਲਾਹੁੰਦੀ
ਸਾੜ੍ਹੀ ਦਾ ਪੱਲਾ ਮੈਨੂੰ ਫੜਾਉਂਦੀ
ਫਿਰ ਹੌਲ਼ੀ ਹੌਲ਼ੀ, ਘੁੰਮ ਘੁੰਮ ਕੇ
ਆਪਣੀ ਸਾੜ੍ਹੀ ਤੋਂ ਬਾਹਰ ਹੋ ਜਾਂਦੀ
ਆਪਣੇ ਬਲਾਊਜ਼ ਦੀਆਂ ਹੁੱਕਾਂ
ਮੇਰੇ ਕੋਲੋਂ ਖੁਲਵਾਉਂਦੀ

ਹੱਸਦੀ !
ਉਸਦੇ ਚਿਹਰੇ ਤੋਂ ਖੁਸ਼ੀ ਡੁੱਲਣ ਲੱਗਦੀ
ਟੱਪੂ ਟੱਪੂ ਕਰਦੀ
ਆਪੇ ਤੋਂ ਬਾਹਰ ਹੋ ਜਾਂਦੀ
ਮੇਰੇ ਠੰਢੇ ਹੱਥਾਂ ਦੀ ਛੂਹ
ਉਸਨੂੰ ਪੌਪਕੌਰਨ ਵਾਂਗ ਭੁੜਕਣ ਲਾਉਂਦੀ
ਹੌਲ਼ੀ ਹੌਲ਼ੀ ਮੈਨੂੰ ਆਪਣੀਆਂ ਬਾਹਾਂ ਵਿੱਚ ਸਮੇਟ ਲੈਂਦੀ
ਕੰਨ ਵਿੱਚ 'ਆਈ ਲਵ ਜੂ' ਕਹਿ
ਮੇਰੇ ਕੰਨ ਤੇ ਪੋਲੀ ਜਿਹੀ ਦੰਦੀ ਵੱਢਦੀ
ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ

ਬਹੁਤ ਕੁੱਝ ਸਿੱਖਣਾ ਸੀ ਉਸ ਤੋਂ
ਪਰ ਬੜੀ ਕਾਹਲ਼ ਕਰ ਗਈ
ਤੇਜ਼ ਦੌੜ ਕੇ ਮੇਰੇ ਤੋਂ ਅੱਗੇ ਨਿੱਕਲ ਗਈ
ਬੜੀ ਜਲਦੀ ਸਾਥ ਛੱਡ ਗਈ
ਵਨ ਵੇ ਟਿਕਟ ਕਟਾਅ ਕੇ
ਪਤਾ ਨਹੀਂ ਕਿਹੜੀ ਦੁਨੀਆਂ ਦੇ
ਸਫ਼ਰ ਤੇ ਚਲੇ ਗਈ

ਬੜੀ ਚੰਗੀ ਸੀ ਉਹ
ਸੱਜਰੇ ਖਿੜੇ ਫੁੱਲ ਵਰਗੀ



**ਸਨੀ ਧਾਲੀਵਾਲ**

## ਧਰਤੀ ਮਾਈ

ਧਰਤੀ ਮਾਈ ਹੈ ਸਾਨੂੰ ਪਾਲਣ ਆਈ
ਉਸ ਨੂੰ ਬਹੁਤੀ ਲੋੜ ਨੀਂ ਹੈ ਹੋਰਾਂ ਤਾਂਈਂ
ਭਰ ਭਰ ਸਭਨਾਂ ਨੂੰ ਵੰਡੀ ਜਾਏ ਸੌਗਾਤਾਂ
ਕਰਕੇ ਪੈਦਾ ਸਭ ਕੁਛ ਹੈ ਜਾਵੇ ਲੁਟਾਈ
ਔਹ ਦੇਖੋ ਬੈਠਾ ਹੈ ਘੁੱਗੀਆਂ ਦਾ ਜੋੜਾ
ਰੁੱਖ ਵੀਰਾ ਹੋਰ ਲਾਈਂ, ਇਕ ਹੈ ਥੋੜ੍ਹਾ
ਇਹ ਠੰਢੀਆਂ ਛਾਵਾਂ, ਠੰਢੀਆਂ ਹਵਾਵਾਂ
ਕਾਂਵਾਂ ਅਤੇ ਚਿੜੀਆਂ ਨੂੰ ਚੋਗ ਚੁਗਾਵਾਂ
ਨਾ ਲਾਈਂ ਅੱਗ ਪਰਾਲੀ ਨੂੰ ਸੋਹਣੇ ਵੀਰਾ
ਅੱਗ ਸੀਨੇ ਜਦ ਲੱਗੇ ਤਾਂ ਦਿਲ ਰੋਵੇ ਵੀਰਾ
ਉਸ ਦੀ ਕੁੱਖ ਵਿੱਚੋਂ ਨੇ ਨਿਕਲਣ ਹਾਵਾਂ
ਕਿੰਨੀਆਂ ਜਿੰਦਾਂ ਮੈਂ ਅੰਦਰੇ ਮਾਰੀ ਜਾਂਵਾਂ
ਨਾ ਮਾਰ ਲੱਖ ਕਰੋੜ ਜੰਤੂਆਂ ਨੂੰ ਵੀਰਾ
ਐਨੀ ਮਿਹਨਤ ਕਰਕੇ ਨਾ ਕਰ ਕਚੀਰਾ
ਨਾ ਲਾਈਂ ਅੱਗ ਕਣਕੀ ਨਾੜ ਨੂੰ ਵੇ ਵੀਰਾ
ਅੱਗ ਲੱਗੇ ਤਾਂ ਉਹ ਕਰਲਾਉਂਦੇ ਵੀਰਾ
ਭਾਂਬੜ ਜਿੰਨੇ ਉੱਪਰ ਓਨੇ ਅੰਦਰ ਬਲਦੇ
ਸੁੱਕੇ ਤੀਲੇ ਉਹਨਾਂ ਦੀ ਚਿਤਾ ਬਣ ਜਲਦੇ
ਫੈਕਟਰੀਆਂ ਦੇ ਤੇਜਾਬੀ ਪਾਣੀ ਜੋ ਵਗਦੇ
ਜਹਿਰ ਪਿਆਲਾ ਪੀ ਮੇਰੇ ਬੁੱਲ੍ਹ ਨੇ ਸੜਦੇ
ਹਰੀ ਭਰੀ ਸਾਂ, ਮੈਨੂੰ ਇਹ ਵੱਢੀ ਜਾਵਣ
ਜੱਕੜ ਸੋਹਲੇ ਤਰੱਕੀਆਂ ਦੇ ਛੱਡੀ ਜਾਵਣ
ਖਾ ਗਏ ਵਾਦੀਆਂ ਨਾਲੇ ਖਾ ਗਏ ਨਜਾਰੇ
ਤੰਦਰੁਸਤੀ ਲਈ ਧਰਤ ਮਾਂ ਖੜ੍ਹੀ ਪੁਕਾਰੇ

**ਬਰਜਿੰਦਰ ਕੌਰ ਬਿਸਰਾਓ...**

9988901324

## ਕਿਸਾਨ ਬਨਾਮ ਪਰਾਲੀ

ਧਰਤੀ ਸੁਣਾਵੇ ਅੰਨਦਾਤੇ ਦੀਆਂ ਜੋ ਲੋੜਾਂ
ਖਾ ਗਈਆਂ ਨੇ ਓਹਨੂੰ ਵੀ ਤੰਗੀਆਂ ਥੋੜਾਂ

ਸੋਕਾ,ਹੜ੍ਹ ਤੇ ਕਦੇ ਟਿੱਡੀ ਦਲ ਨੇ ਆ ਜਾਂਦੇ
ਪੱਕੀ ਫਸਲ ਨੂੰ ਮਿੰਟ ਚ ਕਰ ਤਬਾਹ ਜਾਂਦੇ

ਮੁੱਲ ਨਾ ਪੈਂਦੇ ਬੀਜੀਆਂ ਹੋਈਆਂ ਫਸਲਾਂ ਦੇ
ਉੱਤੋਂ ਮਾਰੇ ਪਏ ਉਹ ਘਰੇਲੂ ਮਸਲਿਆਂ ਦੇ

ਮਸੀਨੀ ਯੁੱਗ ਵਿੱਚ ਤੇ ਫਸਲ ਦੀ ਕਟਾਈ
ਸਿਰ ਤੇ ਭਾਰੀ ਬੋਝ ਨਾ ਹੁਣ ਕਿਤੇ ਸੁਣਵਾਈ

ਮਾਂ ਪੁੱਤ ਦਾ ਹੈ ਰਿਸਤਾ ਕਿਸਾਨ ਦਾ ਤੇ ਮੇਰਾ
ਉਹ ਲਾਵੇ ਅੱਗਾਂ ਤਾਂ ਵੀ ਸੜਦਾ ਸੀਨਾ ਮੇਰਾ

ਮੈਂ ਵੀ ਕਰਾਂ ਸਰਕਾਰਾਂ ਅੱਗੇ ਕਰਾਂ ਅਰਜੋਈ
ਦਿਓ ਸਾਥ ਤਾਂ ਆਤਮਘਾਤ ਨਾ ਕਰੇ ਕੋਈ

ਪਰਾਲੀ ਸਾੜਨ 'ਤੇ ਵੀ ਰੋਕ ਜਰੂਰ ਲਗਾਓ
ਪਰ ਪਹਿਲਾਂ ਕੋਈ ਹੱਲ ਤਾਂ ਜਰੂਰ ਸੁਝਾਓ

ਕਿਸਾਨੋ ਤੁਸੀਂ ਵੀ ਜਰਾ ਮਾਰੋ ਝਾਤ ਸਭ ਪਾਸੇ
ਨਾ ਖੋਹੋ ਕੁਦਰਤ ਮਾਂ ਦੇ ਬੱਚਿਆਂ ਦੇ ਹਾਸੇ

ਨਵੀਆਂ ਇਜਾਦਾਂ ਨੂੰ ਹੁਣ ਤੁਸੀਂ ਅਪਣਾ ਲਓ
ਪਰਾਲੀ ਸਾੜਨ ਵਾਲਾ ਯੱਭ ਹੀ ਮੁਕਾ ਦਓ


**ਬਰਜਿੰਦਰ ਕੌਰ ਬਿਸਰਾਓ...**

9988901324




# ਦਿਲ ਵਾਲਾ ਦੁੱਖੜਾ-4

**-ਮਨਜ਼ੂਰ ਹੁਸੈਨ ਝੱਲਾ**




ਖੁੱਡੀਆਂ ਖਾਸ ਰੇਲਵੇ ਸਟੇਸ਼ਨ ਦੇ ਸਾਹਮਣੇ ਇੱਕ ਖਾਲੀ ਮੈਦਾਨ ਸੀ। ਜਿੱਥੇ ਹਰ ਸਾਲ ਨਾਟਕ ਮੰਡਲੀਆਂ ਵਾਲੇ ਆ ਕੇ ਨਾਟਕ ਕਰਦੇ। ਉਸ ਜ਼ਮਾਨੇ ਵਿੱਚ ਉਹਨਾਂ ਨੂੰ ਸਾਂਗੀਏ ਵੀ ਕਿਹਾ ਜਾਂਦਾ ਸੀ। ਠੇਠਰ ਵੀ ਕਹਿ ਦਿੰਦੇ। ਜੋ ਥੀਏਟਰ ਦਾ ਵਿਗੜਿਆ ਨਾਮ ਸੀ। ਉਸ ਸਮੇਂ ਲੋਕਾਂ ਦੇ ਮਨੋਰੰਜਨ ਦਾ ਇਹ ਵੱਡਾ ਸਾਧਨ ਸੀ। ਇਹ ਨਾਟਕ ਕਈ ਕਈ ਦਿਨ ਚਲਦੇ। ਇਹਨਾਂ ਨੂੰ ਖੇਡਣ ਦਾ ਵਕਤ ਆਥਣ ਦਾ ਹੀ ਹੁੰਦਾ। ਜੋ ਉਸ ਵੇਲੇ ਲਾਲਟੈਨ ਜਾਂ ਗੈਸ ਦੀਆਂ ਰੋਸ਼ਨੀਆਂ ਵਿਚ ਖੇਡਿਆ ਜਾਂਦਾ। ਇੱਕ ਵਾਰ ਹੀਰ ਰਾਂਝੇ ਦਾ ਨਾਟਕ ਕਰਨ ਲਈ ਇੱਕ ਪਾਰਟੀ ਖੁੱਡੀਆਂ ਦੇ ਮੈਦਾਨ ਵਿੱਚ ਆਈ। ਇਸ ਮੰਡਲੀ ਦੀਆਂ ਦੋ ਔਰਤਾਂ ਵਿੱਚੋਂ ਇੱਕ ਹੀਰ ਦਾ ਰੋਲ ਅਦਾ ਕਰਦੀ ਤੇ ਦੂਸਰੀ ਮਰਦਾਂ ਵਾਲੇ ਕੱਪੜੇ ਪਾਕੇ ਰਾਂਝੇ ਦਾ ਰੋਲ ਅਦਾ ਕਰਦੀ। ਜੋ ਪਹਿਲੇ ਦਿਨ ਪਿੰਡ ਦੇ ਲੋਕਾਂ ਨੂੰ ਬਹੁਤਾ ਪਸੰਦ ਨਾ ਆਈ। ਪਿੰਡ ਦੇ ਲੋਕਾਂ ਨੂੰ ਮਨਜ਼ੂਰ ਝੱਲੇ ਬਾਰੇ ਤਾਂ ਯਕੀਨ ਹੀ ਸੀ। ਉਹਨਾਂ ਨੇ ਮੰਡਲੀ ਵਾਲਿਆਂ ਨੂੰ ਕਿਹਾ ਕਿ ਸਾਡੇ ਪਿੰਡ ਦਾ ਇੱਕ ਮੁੰਡਾ ਐ ਇੰਨ ਬਿੰਨ ਰਾਂਝੇ ਵਰਗਾ, ਆਵਾਜ਼ ਵੀ ਵਧੀਆ, ਗਾਉਂਦਾ ਵੀ ਵਧੀਆ ਐ। ਤੁਸੀਂ ਰਾਂਝੇ ਦਾ ਸਾਂਗ ਸਾਡੇ ਝੱਲੇ ਤੋਂ ਕਰਵਾ ਕੇ ਵੇਖੋ ਤੇ ਓਧਰ ਪਿੰਡ ਵਾਲਿਆਂ ਨੇ ਝੱਲੇ ਨੂੰ ਵੀ ਮਨਾ ਲਿਆ। ਮੁਕਦੀ ਗੱਲ ਜਦੋਂ ਝੱਲੇ ਨੇ ਪੈਰੀਂ ਖੁੱਸਾ, ਗਲ ਕਲੀਆਂ ਵਾਲਾ ਕੁੜਤਾ ਤੇ ਤੇੜ ਲੂੰਗੀ ਬੰਨ੍ਹ, ਲਾਲਟੈਣਾਂ ਦੀ ਰੌਸ਼ਨੀ ਵਿੱਚ ਸੱਜਾ ਹੱਥ ਕੰਨ 'ਤੇ ਧਰਕੇ ਗਾਇਆ

**ਆਵੇ ਚੈਨ ਆਰਾਮ ਨਾ ਪਲ ਮੈਨੂੰ ਘੜੀ ਲੰਘਦੀ ਸੋਚ ਵਿਚਾਰ ਦੀ ਏ**
**ਬੇੜੀ ਅੱਖਾਂ ਦੀ ਛੱਲਾਂ ਤੇ ਡੋਲਦੀ ਏ ਨਾ ਇਹ ਡੁੱਬਦੀ ਏ, ਨਾ ਤਾਰਦੀ ਏ**
**ਬਾਜ਼ੀ ਇਸ਼ਕ ਦੀ ਭੁੱਲ ਕੇ ਖੇਡ ਬੈਠਾ ਨਾ ਇਹ ਜਿੱਤ ਦੀ ਏ, ਨਾ ਹਾਰਦੀ ਏ**
**ਬੁਰੀ ਚੋਟ 'ਮਨਜ਼ੂਰ' ਪਿਆਰ ਵਾਲੀ ਨਾ ਇਹ ਜਿਊਣ ਦਿੰਦੀ ਨਾ ਮਾਰਦੀ ਏ**

ਪੰਡਾਲ ਜਾਣੋਂ ਸੁੱਸਰੀ ਵਾਂਗ ਸੌਂ ਗਿਆ। ਸ਼ੇਅਰ ਖਤਮ ਹੋਇਆ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਲੋਕਾਂ ਆਖਿਆ ਨਾਟਕ ਰਹਿਣ ਦਿਓ, ਹੁਣ ਝੱਲੇ ਨੂੰ ਗਾਉਣ ਦਿਓ। ਅਸਾਂ ਝੱਲੇ ਦਾ ਗਾਉਣ ਸੁਨਣਾ ਏ। ਬੱਸ ਉਸ ਦਿਨ ਤੋਂ ਝੱਲੇ ਦੀ ਜ਼ਿੰਦਗੀ ਦਾ ਨਵਾਂ ਮੁੱਢ ਬੱਝ ਗਿਆ। ਉਸਤੋਂ ਬਾਅਦ ਜਿੰਨੇ ਦਿਨ ਨਾਟਕ ਚੱਲਿਆ, ਝੱਲਾ ਰਾਂਝੇ ਦਾ ਰੋਲ ਬਾਖੂਬੀ ਅਦਾ ਕਰਦਾ ਰਿਹਾ। ਸ਼ਾਇਰੀ ਗੀਤਕਾਰੀ ਤੇ ਗਾਇਕੀ ਦੇ ਨਾਲ ਹੁਣ ਥੀਏਟਰ ਵੀ ਝੱਲੇ ਦੀ ਜ਼ਿੰਦਗੀ ਦਾ ਅੰਗ ਬਣ ਗਿਆ। ਭਾਵ ਮਨਜ਼ੂਰ ਹੁਸੈਨ ਝੱਲਾ ਸੰਪੂਰਨ ਕਲਾਕਾਰ ਬਣ ਗਿਆ। ਉਸਤੋਂ ਬਾਅਦ ਝੱਲਾ ਲਗਾਤਾਰ ਥਾਂ ਥਾਂ ਤੁਰ ਫਿਰ ਕੇ ਥੀਏਟਰ ਵਾਲਿਆਂ ਨਾਲ ਥੀਏਟਰ ਕਰਦਾ ਰਿਹਾ। ਗੀਤ ਲਿਖਦਾ ਰਿਹਾ। ਗਾਉਂਦਾ ਰਿਹਾ। ਥੀਏਟਰ ਮੰਡਲੀਆਂ ਨਾਲ ਕੰਮ ਕਰਦੇ ਸਮੇਂ ਝੱਲੇ ਦਾ ਮੇਲਜੋਲ ਲੋਕ ਗਾਇੱਕ ਮੁਹੰਮਦ ਤੁਫੈਲ ਨਿਆਜ਼ੀ, ਆਸ਼ਿਕ ਹੁਸੈਨ ਜੱਟ, ਇਨਾਇਤ ਹੁਸੈਨ ਭੱਟੀ, ਮੁਹੰਮਦ ਆਲਮ ਲੁਹਾਰ, ਬਾਲੀ ਜੱਟੀ ਨਾਲ ਵੱਧ ਗਿਆ। ਥੀਏਟਰ ਕਰਦੇ ਸਮੇਂ ਭਾਵੇਂ ਉਹ ਇਨ੍ਹਾਂ ਲੋਕ ਗਾਇੱਕਾਂ ਨਾਲ ਸਹਿ ਗਾਇੱਕ ਵਜੋਂ ਗਾਉਂਦਾ ਵੀ ਰਿਹਾ ਪਰ ਝੱਲੇ ਦਾ ਜ਼ਿਆਦਾ ਮੋਹ ਗੀਤਕਾਰੀ ਤੇ ਅਦਾਕਾਰੀ ਵੱਲ ਹੋ ਤੁਰਿਆ। ਝੱਲੇ ਨੇ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ ਜਿਹੀਆਂ ਲੋਕ ਦਾਸਤਾਂ ਨੂੰ ਅਧਾਰ ਬਣਾ ਕੇ ਕਾਵਿਕ ਨਾਟਕ ਵੀ ਲਿਖੇ। ਅੰਤ ਨੂੰ ਮਨਜ਼ੂਰ ਹੁਸੈਨ ਝੱਲਾ ਲਾਹੌਰ ਆ ਗਿਆ। ਮਨਜ਼ੂਰ ਧਾਰਮਿਕ ਬਿਰਤੀ ਦਾ ਸੀ। ਇਸਲਾਮ ਧਰਮ ਦਾ ਪੈਰੋਕਾਰ ਸੀ। ਉਹ ਹਰ ਸਾਲ ਮੁਹੱਰਮ ਦੇ ਮਹੀਨੇ ਕਸੂਰ ਵਿੱਚ ਬਾਬਾ ਕਾਮਲ ਸ਼ਾਹ ਦੇ ਦਰਬਾਰ ਵਿੱਚ ਮਜਲਸ ਪੜ੍ਹਨ ਜਾਂਦਾ ਸੀ। ਇਸ ਦਰਬਾਰ ਦੇ ਗੱਦੀ ਨਸ਼ੀਨ ਸਈਅਦ ਹਸਨ ਅਲੀ ਸ਼ਾਹ ਹਮਦਾਨੀ ਝੱਲੇ ਨੂੰ ਬਹੁਤ ਪਿਆਰ ਕਰਦੇ ਸਨ। ਮਸ਼ਹੂਰ ਤਬਲਾ ਵਾਦਕ ਅੱਲਾ ਦੱਤਾ ਦਾ ਪ੍ਰੀਵਾਰ ਵੀ ਬਾਬਾ ਕਾਮਲ ਸ਼ਾਹ ਦੇ ਦਰਬਾਰ ਦਾ ਉਪਾਸ਼ਕ ਸੀ। ਸਈਅਦ ਹਸਨ ਅਲੀ ਸ਼ਾਹ ਹਮਦਾਨੀ ਨੇ ਚੌਧਰੀ ਅੱਲਾ ਦੱਤਾ ਦੀ ਧੀ ਸ਼ਮੀਮ ਬੀਬੀ ਦਾ ਨਿਕਾਹ ਮਨਜ਼ੂਰ ਹੁਸੈਨ ਝੱਲੇ ਨਾਲ ਕਰਵਾ ਦਿੱਤਾ। ਜਿੱਥੋਂ ਝੱਲੇ ਦੀ ਜ਼ਿੰਦਗੀ ਦਾ ਨਵਾਂ ਮੁੱਢ ਬੱਝ ਗਿਆ। ਇਹਨਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਦਸਤੂਰ ਹੁਸੈਨ ਹੈ। ਮਨਜ਼ੂਰ ਹੁਸੈਨ ਝੱਲਾ ਹਮੇਸ਼ਾ ਮੋਹ ਮਾਇਆ ਤੋਂ ਦੂਰ ਰਿਹਾ, ਉਸਦਾ ਸੁਭਾਅ ਹਮੇਸ਼ਾ ਫ਼ਕੀਰਾਂ ਵਾਲਾ ਹੀ ਰਿਹਾ। ਰਿਕਾਰਡਿੰਗ ਦੇ ਦੌਰ ਵਿੱਚ ਜਦੋਂ ਝੱਲੇ ਦੇ ਗੀਤ ਪੰਜਾਬੀ ਲੋਕ-ਗਾਇੱਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋਕੇ ਆਵਾਮ ਤੱਕ ਪੁੱਜੇ ਤਾਂ ਪੂਰੇ ਪੰਜਾਬੀ ਲਾਣੇ ਵਿੱਚ ਝੱਲੇ ਦੇ ਨਾਮ ਦੀ ਚਰਚਾ ਛਿੜ ਪਈ।




ਲਾਹੌਰ ਪੁੱਜ ਕੇ ਸਭ ਤੋਂ ਪਹਿਲਾਂ ਲੋਕ ਗਾਇੱਕ 'ਆਸ਼ਿਕ ਹੁਸੈਨ ਜੱਟ' ਨੇ ਝੱਲੇ ਦੀ ਬਾਂਹ ਫੜੀ। ਆਸ਼ਿਕ ਹੁਸੈਨ ਜੱਟ ਲਾਹੌਰ ਰਹਿੰਦਾ ਸੀ। ਜੱਟ ਨੇ ਝੱਲੇ ਨੂੰ ਆਪਣੇ ਕੋਲ ਹੀ ਰੱਖ ਲਿਆ। ਇੱਥੇ ਆਸ਼ਿਕ ਹੁਸੈਨ ਨੇ ਝੱਲੇ ਨੂੰ ਕਰਿਆਨੇ ਦੀ ਦੁਕਾਨ ਖੁਲਵਾ ਦਿੱਤੀ। ਪਰ ਦੁਕਾਨਦਾਰੀ ਕੋਮਲ ਦਿਲ ਕਲਾਕਾਰ ਝੱਲੇ ਦਾ ਵੱਸ ਦਾ ਰੋਗ ਨਹੀਂ ਸੀ। ਝੱਲਾ ਛੇ ਮਹੀਨਿਆਂ ਵਿੱਚ ਹੀ ਦੁਕਾਨਦਾਰੀ ਤੋਂ ਉਕਤਾ ਗਿਆ। ਉਸਤੋਂ ਬਾਅਦ ਅਯੂਬ ਖਾਨ ਦੀ ਸਰਕਾਰ ਵੇਲੇ ਲਾਹੌਰ ਵਿੱਚ ਹੀ ਸ਼ਾਹਨੂਰ ਸਟੂਡੀਓ ਦੇ ਸਾਹਮਣੇ , ਔਕਾਫ ਬੋਰਡ ਦੀ ਜ਼ਮੀਨ ਵਿੱਚ, ਝੱਲੇ ਨੇ ਇੱਕ ਛੋਟਾ ਜਿਹਾ ਮਕਾਨ ਬਣਾ ਲਿਆ। ਜੋ ਬਾਅਦ ਵਿੱਚ ਕਲਾਕਾਰਾਂ ਦੀ ਸੱਥ ਬਣ ਗਿਆ। ਇੱਥੋਂ ਹੀ ਝੱਲੇ ਦੀ ਫਿਲਮੀ ਗੀਤਕਾਰੀ ਦਾ ਆਗਾਜ਼ ਹੋਇਆ ਕਿਉਂਕਿ ਲਾਹੌਰ ਪੰਜਾਬੀ ਫ਼ਿਲਮਾਂ ਦਾ ਇੱਕੋ ਇੱਕ ਵੱਡਾ ਕੇਂਦਰ ਸੀ। ਇਸਤੋਂ ਪਹਿਲਾਂ ਕਿ ਮੈਂ ਝੱਲੇ ਦੀ ਫਿਲਮੀ ਗੀਤਕਾਰੀ ਦੀ ਗੱਲ ਕਰਾਂ, ਪੰਜਾਬੀ ਲੋਕ-ਗਾਇੱਕੀ ਨਾਲ ਸਬੰਧਤ ਝੱਲੇ ਦੀ ਇੱਕ ਹੋਰ ਖਾਸ ਗੱਲ ਦੱਸਣੀ ਚਾਹੁੰਦਾ ਹਾਂ। ਲਾਹੌਰ ਰਹਿੰਦਿਆਂ ਝੱਲਾ ਇੱਕ ਦਿਨ ਆਪਣੇ ਪੁੱਤਰ ਦਸਤੂਰ ਹੁਸੈਨ ਨਾਲ ਕਿਤੇ ਜਾ ਰਿਹਾ ਸੀ। ਉਸਦੇ ਕੰਨਾਂ ਵਿੱਚ ਇੱਕ ਲੜਕੀ ਦੇ ਗੀਤ ਦੀ ਆਵਾਜ਼ ਪਈ। ਕੋਲ ਜਾਕੇ ਦੇਖਿਆ ਤਾਂ ਇੱਕ ਕੁੜੀ ਗੜਬੀ ਦੀ ਤਾਲ ਤੇ ਗਾ ਰਹੀ ਸੀ। ਕੁੱਝ ਲੋਕ ਉਸਦੇ ਦੁਆਲੇ ਖੜ੍ਹੇ ਸੁਣ ਰਹੇ ਸਨ। ਜਦੋਂ ਗੀਤ ਖਤਮ ਹੁੰਦਾ ਤਾਂ ਰਾਹਗੀਰ ਉਸ ਲੜਕੀ ਦੀ ਗੜਬੀ ਵਿੱਚ ਆਨਾ ਦੋ ਆਨੇ ਪਾਕੇ ਜਾ ਰਹੇ ਸਨ। ਮਨਜ਼ੂਰ ਝੱਲੇ ਨੇ ਉਸ ਕੁੜੀ ਨੂੰ ਆਖਿਆ ਕਿ ਤੇਰੀ ਆਵਾਜ਼ ਬਹੁਤ ਵਧੀਆ ਤੇ ਦਰਦ ਭਰੀ ਐ। ਤੈਨੂੰ ਵਧੀਆ ਗੀਤਾਂ ਦੀ ਜ਼ਰੂਰਤ ਐ। ਮੈਂ ਗੀਤਕਾਰ ਹਾਂ, ਤੂੰ ਮੇਰੇ ਨਾਲ ਮੇਰੇ ਘਰ ਚੱਲ, ਮੈਂ ਤੈਨੂੰ ਗੀਤ ਦੇਵਾਂਗਾ। ਅੱਗੋਂ ਓਸ ਕੁੜੀ ਨੇ ਆਖਿਆ ਕਿ ਮੈਨੂੰ ਤੇ ਪੜ੍ਹਨਾ ਨਹੀਂ ਆਉਂਦਾ, ਮੈਂ ਗੀਤ ਯਾਦ ਕਿਵੇਂ ਕਰੂੰਗੀ। ਝੱਲੇ ਆਖਿਆ ਕੋਈ ਗੱਲ ਨਹੀਂ ਮੈਂ ਆਪੇ ਤੈਨੂੰ ਗੀਤ ਯਾਦ ਵੀ ਕਰਵਾ ਦਿਆਂਗਾ। ਤਰਜ਼ਾਂ ਬਣਾ ਕੇ ਸਿਖਾ ਵੀ ਦਿਆਂਗਾ। ਉਹ ਕੁੜੀ ਝੱਲੇ ਹੋਰਾਂ ਦੇ ਨਾਲ ਹੀ ਤੁਰ ਪਈ। ਘਰ ਜਾਕੇ ਝੱਲੇ ਨੇ ਉਸ ਕੁੜੀ ਨੂੰ ਪੁੱਛਿਆ ਕਿ ਤੂੰ ਰਹਿੰਦੀ ਕਿੱਥੇ ਹੈਂ ? ਉਸ ਨੇ ਝੱਲੇ ਨੂੰ ਦੱਸਿਆ ਉਹ ਸਾਹਮਣੇ ਜੋ ਝੁੱਗੀਆਂ ਹਨ ਅਸੀਂ ਉੱਥੇ ਰਹਿੰਦੇ ਹਾਂ ਸਾਡਾ ਪੱਕਾ ਠਿਕਾਣਾ ਕੋਈ ਨਹੀਂ, ਅਸੀਂ ਟੱਪਰੀਵਾਸ ਲੋਕ ਹਾਂ, ਜਿੱਥੇ ਗਏ ਉੱਥੇ ਹੀ ਝੁੱਗੀਆਂ ਪਾ ਲੈਂਦੇ ਹਾਂ।

ਅੱਗੋਂ ਝੱਲੇ ਆਖਿਆ ਕੋਈ ਗੱਲ ਨਹੀਂ, ਹੁਣ ਤਾਂ ਤੁਸੀਂ ਬਿਲਕੁਲ ਨੇੜੇ ਹੀ ਰਹਿੰਦੇ ਹੋ, ਤੂੰ ਜਦੋਂ ਜੀ ਕਰੇ ਮੇਰੇ ਕੋਲ ਆ ਜਾਇਆ ਕਰ, ਮੈਂ ਤੇਰੇ ਲਈ ਗੀਤ ਵੀ ਲਿਖਾਂਗਾ ਤੇ ਤੈਨੂੰ ਆਪੇ ਗੀਤ ਯਾਦ ਵੀ ਕਰਵਾ ਦਿਆਂਗਾ। ਉਸਤੋਂ ਬਾਅਦ ਮਨਜ਼ੂਰ ਹੁਸੈਨ ਝੱਲੇ ਨੇ ਜੋ ਗੀਤ ਲਿਖ ਕੇ ਉਸ ਕੁੜੀ ਤੋਂ ਗਵਾਏ ਉਹ ਪੂਰੇ ਪੰਜਾਬੀ ਜਗਤ ਨੇ ਸੁਣੇ। ਬਾਅਦ ਵਿੱਚ ਉਹ ਕੁੜੀ ਪਾਕਿਸਤਾਨ ਦੀ ਬਹੁਤ ਵੱਡੀ ਕਲਾਕਾਰ ਬਣੀ ਜਿਸ ਦਾ ਨਾਮ ਹੈ ਰੇਸ਼ਮਾ।

ਸਭ ਤੋਂ ਪਹਿਲਾਂ ਝੱਲੇ ਦੀ ਕਲਮ ਚੋਂ ਨਿਕਲੀ ਲੋਕ-ਦਾਸਤਾਂ ਸੱਸੀ ਪੁੰਨੂੰ ਵਿੱਚੋਂ ਸੱਸੀ ਦੇ ਦਿਲ ਦੀ ਹੂਕ, ਰੇਸ਼ਮਾ ਦੀ ਆਵਾਜ਼ ਵਿੱਚ

ਸ਼ਹਿਰ ਭੰਬੋਰ ਦੀ ਕੁੜੀਓ,ਨੀ ਤੁਸੀਂ ਨੱਕ ਵਿੱਚ ਨੱਥ ਨਾ ਪਾਇਓ
ਕੁੱਝ ਮੈਂ ਭੁੱਲ ਗਈਆਂ, ਤੁਸੀਂ ਭੁੱਲ ਨਾ ਜਾਇਓ ਯਾਰੀ ਨਾਲ ਬਲੋਚ ਨਾ ਲਾਇਓ

ਹਾਏ ਰੱਬਾ ! ਨਹੀਂ ਲਗਦਾ ਦਿਲ ਮੇਰਾ ਸੱਜਣਾ ਬਾਝ ਹੋਇਆ ਹਨੇਰਾ
ਹਾਏ ਓ ਰੱਬਾ! ਨਹੀਂ ਲੱਗਦਾ ਦਿਲ ਮੇਰਾ
ਜੋਗੀ ਬੈਠਾ ਬੀਨ ਵਜਾਵੇ, ਦਿਲ ਮੇਰੇ ਨੂੰ ਚੈਨ ਨਾ ਆਵੇ, ਨੱਸ ਪਈ ਸੱਪਣੀ ਰੋਵੇ ਸਪੇਰਾ।
ਹਾਏ ਓ ਰੱਬਾ ! ਨਹੀਂ ਲੱਗਦਾ ਦਿਲ ਮੇਰਾ

ਰਿਕਾਰਡ ਦਾ ਲੜੀ ਨੰਬਰ HMV- EKDR 3 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ ਰੇਡੀਓ ਪਾਕਿਸਤਾਨ ਦੀ ਪੇਸ਼ਕਸ਼
ਗੀਤ - ਹਾਏ ਓ ਰੱਬਾ ਨਹੀਂ ਲੱਗਦਾ ਗੀਤਕਾਰ - ਮਨਜ਼ੂਰ ਹੁਸੈਨ ਝੱਲਾ
ਸੰਗੀਤਕਾਰ - ਉਸਤਾਦ ਨੱਥੂ ਖਾਨ / ਆਵਾਜ਼ - ਰੇਸ਼ਮਾ

ਆ ਸੱਜਣਾ ਰਲ ਕੱਠਿਆਂ ਬਹੀਏ ਤੇ ਵਿਛੋੜਿਆਂ ਨੂੰ ਅੱਗ ਲਾਈਏ
ਮਨਜ਼ੂਰ ਦਿਲਾਂ ਨੂੰ ਗ਼ਮ ਰਹਿੰਦੇ ਕਿਤੇ ਵਿਛੜੇ ਨਾ ਮਰ ਜਾਈਏ

ਕਿਤੇ ਨੈਣ ਨਾ ਜੋੜੀਂ, ਕਿਤੇ ਨੈਣ ਨਾ ਜੋੜੀਂ ਮੇਰਾ ਮਾਣ ਨਾ ਤੋੜੀਂ
ਤੈਨੂੰ ਵਾਸਤਾ ਖੁਦਾ ਦਾ, ਵਾਗਾਂ ਵਤਨਾਂ ਨੂੰ ਮੋੜੀਂ ਕਿਤੇ ਨੈਣ ਨਾ ਜੋੜੀਂ

ਕੀਹਨੂੰ ਖੋ੍ਲ ਕੇ ਸੁਣਾਵਾ, ਦੁਖੀ ਦਿਲ ਦੀਆਂ ਗੱਲਾਂ
ਮੇਰੇ ਵਧ ਗਏ ਨੇ ਹਉਕੇ, ਆਈਆਂ ਹੰਝੂਆਂ ਦੀਆਂ ਛੱਲਾਂ
ਤੇਰੇ ਹੱਥ ਮੇਰੀ ਡੋਰੀ, ਬੇੜੀ ਅੱਧ 'ਚ ਨਾ ਰੋੜ੍ਹੀਂ, ਕਿਤੇ ਨੈਣ ਨਾ ਜੋੜੀਂ

ਮੈਨੂੰ 'ਝੱਲਿਆਂ' ਬਣਾ ਕੇ ਆਪ ਮੱਲ ਲਏ ਕਿਨਾਰੇ
ਦਿਨ ਲੰਘਦੇ ਨੇ ਜਿਹੜੇ ਤੇਰੀ ਯਾਦ ਦੇ ਸਹਾਰੇ
ਰੋਣਾਂ ਉਮਰਾਂ ਦਾ ਪਾ ਕੇ, ਮੇਰਾ ਖ਼ੂਨ ਨਾ ਨਿਚੋੜੀਂ ਕਿਤੇ ਨੈਣ ਨਾ ਜੋੜੀਂ

ਰਿਕਾਰਡ ਦਾ ਲੜੀ ਨੰਬਰ HMV - EKDR 3 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਰੇਡੀਓ ਪਾਕਿਸਤਾਨ ਦੀ ਪੇਸ਼ਕਸ਼ / ਗੀਤ - ਹਾਏ ਓ ਰੱਬਾ ਨਹੀਂ ਲੱਗਦਾ ਗੀਤਕਾਰ - ਮਨਜ਼ੂਰ ਹੁਸੈਨ ਝੱਲਾ / ਸੰਗੀਤਕਾਰ - ਉਸਤਾਦ ਨੱਥੂ ਖਾਨ ਆਵਾਜ਼ - ਰੇਸ਼ਮਾ

ਚੰਗੀ ਨਹੀਂਓ ਕੀਤੀ ਦਿਲਾ ਅੱਖੀਆਂ ਮਿਲਾ ਕੇ, ਦੁੱਖ ਦੇਣ ਵਾਲਿਆਂ ਨੂੰ ਸੀਨੇ ਨਾਲ ਲਾ ਕੇ।
ਜਿਹੜੇ ਵੇਲੇ ਪਿਆਰ ਦਿਆਂ ਚਾਵਾਂ ਤੈਨੂੰ ਰੋੜ੍ਹਿਆ
ਡੋਲ ਦਿਆਂ ਡਿੱਠਾ, ਤੈਨੂੰ ਲੱਖ ਵਾਰ ਮੋੜਿਆ

ਦਿਲ ਦੇਣ ਵਾਲਿਆਂ ਨੂੰ ਰਹਿੰਦੀ ਕਦੋਂ ਹੋਸ਼ ਏ
ਦੱਸ 'ਮਨਜ਼ੂਰ' ਹੁਣ ਕਿਸੇ ਦਾ ਕੀ ਦੋਸ਼ ਏ
ਸੜ ਜਾਣਾ ਆਪ, ਤੇ ਪਰਾਈ ਅੱਗ ਲਾਕੇ
ਚੰਗੀ ਨਹੀਂਓ ਕੀਤੀ ਦਿਲਾ ਅੱਖੀਆਂ ਮਿਲਾ ਕੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - EKCC 20001
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ - ਚੰਗੀ ਨਹੀਂਓ ਕੀਤੀ ਦਿਲਾ / ਗੀਤਕਾਰ - ਮਨਜ਼ੂਰ ਝੱਲਾ ਸੰਗੀਤਕਾਰ - ਜੀ.ਐਚ.ਕਾਦਰੀ / ਆਵਾਜ਼ - ਰੇਸ਼ਮਾ

ਤੱਕ ਪੱਤਰੀ ਵਾਲਿਆ ਲੇਖ ਮੇਰੇ ਮੇਰੇ ਹੱਥ ਵਿੱਚ ਵਿੰਗੀਆਂ ਲੀਕਾਂ ਨੇ
ਮੇਰੇ ਦਿਲ ਦਾ ਮਹਿਰਮ ਆਵੇਗਾ ਯਾ ਲੰਮੀਆਂ ਹੋਰ ਉਡੀਕਾਂ ਨੇ
ਲੱਖ ਵਾਰ ਦੁਆਵਾਂ ਮੰਗੀਆਂ ਨੇ ਕਈ ਵਾਰ ਬਹਾਰਾਂ ਲੰਘੀਆਂ ਨੇ
ਮੈਨੂੰ ਪੁੱਛ ਕੇ ਦੱਸ ਤਕਦੀਰਾਂ ਨੂੰ ਅਜੇ ਕਿੰਨੀਆਂ ਦੂਰ ਤਰੀਕਾਂ ਨੇ
ਹਾਵਾਂ ਨਾਲ ਸੁੱਕੀਆਂ ਬੁੱਲ੍ਹੀਆਂ ਨੇ, ਚਾਵਾਂ ਵਿੱਚ ਜ਼ੁਲਫ਼ਾਂ ਖੁੱਲ੍ਹੀਆਂ ਨੇ,
ਮੈਨੂੰ ਛੱਜ ਵਿੱਚ ਪਾਕੇ ਛੰਡਿਆ ਏ ਉਹਦਾ ਨਾਂ ਲੈ ਲੈ ਸ਼ਰੀਕਾਂ ਨੇ
ਨਾ ਮਾਹੀ ਮੰਜ਼ਿਲੋਂ ਦੂਰ ਕਰੇ,ਨਾ ਦਰਦ ਗ਼ਮਾਂ ਨਾਲ ਚੂਰ ਕਰੇ
ਮੇਰਾ ਰੋਣਾਂ ਰੱਬ 'ਮਨਜ਼ੂਰ' ਕਰੇ ਉਹਦੀ ਜ਼ਾਤ ਨੂੰ ਇਹੋ ਤੌਫੀਕਾਂ ਨੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - EKCC 20001
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤ - ਤੱਕ ਪੱਤਰੀ ਵਾਲਿਆ / ਗੀਤਕਾਰ - ਮਨਜ਼ੂਰ ਝੱਲਾ ਸੰਗੀਤਕਾਰ - ਜੀ.ਐਚ. ਕਾਦਰੀ / ਆਵਾਜ਼ - ਰੇਸ਼ਮਾਂ

## ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਬਾਈ ਪਰਗਟ ਦਾ ਪਹਿਲੇ ਇਸ਼ਕ ਅਰਗਾ ਸਦਾਬਹਾਰ ਗੀਤ



ਆਜਾ ਚਾਹ ਪੀ ਕੇ ਲੰਘਜੀਂ

ਜੇ ਕੋਈ ਮੇਰੇ ਨਾਲ ਆਪਣੇ ਰਾਜ ਦੀ ਗੱਲ ਕਰਦੈ ਤਾਂ ਮੈ ਕਹਿੰਨਾ ਕਿ ਹਾਂ ਹੋਣਾ ਚਾਹੀਦੈ। ਹਰੇਕ ਕੌਮ ਦਾ ਆਪਣਾ ਕੌਮੀ ਘਰ ਹੋਣਾ ਚਾਹੀਦੈ ਜਿਹੜੀ ਕਿਸੇ ਹੋਰ 'ਚ ਮਰਜ ਨਹੀਂ ਹੋਣਾ ਚਾਹੁੰਦੀ। ਬਹਿਸ, ਵਿਚਾਰ, ਕੰਪੈਰੀਜਨ ਦੀ ਸਟੇਬਿਲਿਟੀ ਤੇ ਜਿੱਤੇ ਜਾਂਦੇ ਆ। ਜਿਹੜਾ ਸਾਡੇ ਲਈ ਸਹੀ ਨ੍ਹੀ ਓਹ ਤੁਹਾਡੇ ਲਈ ਸਹੀ ਕਿਵੇਂ ? ਪਰ ਕੈਪਾਬਿਲਿਟੀ ਨਾ ਹੋਵੇ ਤਾਂ ਜਿੱਤ ਨੂੰ ਛੇਤੀ ਮਿੱਟੀ ਹੋਣ ਨੂੰ ਸਮਾਂ ਨ੍ਹੀ ਲਗਦਾ।

ਓਸ ਰੁੱਤੇ ਸੱਜਣ ਮਿਲ਼ਾ ਦੇ ਰੱਬਾ ਮੇਰਿਆ ਦੀ ਪਹਿਲੀ ਲਾਇਨ ਵਿਚਲਾ ਕਣਕਾਂ ਨੂੰ ਲਗਦਾ ਪਾਣੀ ਮਾਇਆਮੀ ਦੇ ਸਮੁੰਦਰ ਤੋਂ ਵੱਡਾ ਲਗਦੈ। ਕਿੱਥੇ ਪਿੰਡ ਦੇ ਖਾਲ਼ ਦਾ ਪਾਣੀ ਕਿੱਥੇ ਸਮੁੰਦਰ। ਕਿੱਥੇ ਤੋੜੀਏ ਦੇ ਫੁੱਲ ਤੇ ਕਿੱਥੇ ਡਾਊਨਟਾਊਨ ਦੀਆਂ ਲਾਇਟਾਂ ਦਾ ਚਾਨਣ।

ਗੱਲ ਭਮੇਂ ਵੱਖਰੀ ਆ ਪਰ ਮੈਂ ਕਹਿੰਨਾ ਕਿ ਜੀਹਦੇ ਅੰਦਰੋਂ ਕੰਪੈਰੀਜਨ ਮਰ ਗਿਆ ਓਹਦਾ ਤੋਰਾ ਮੱਠਾ ਪੈ ਜਾਂਦੈ। ਜੇ ਲਹਿੰਦੇ ਆਲੇ ਆਲਮ ਲੁਹਾਰ ਮੂਹਰੇ ਮਾਣਕ ਦੇ ਗਲ਼ ਆਲੇ ਜ਼ੋਰ ਨੇ ਪੱਟ ਤੇ ਥਾਪੀ ਨਾ ਮਾਰੀ ਤਾਂ ਅੱਧੇ ਪੰਜਾਬ ਦੇ ਲਲਕਾਰੇ ਮੂੰਹਾਂ ਤੇ ਆਉਣ ਤੋ ਪਹਿਲਾਂ ਈ ਮਰ ਜਾਣ। ਹੋਰ ਕੁਸ਼ ਨ੍ਹੀ ਬੱਸ ਮਾਣ ਈ ਹੁੰਦੈ।

ਦੋ ਦਿਨ ਮਾਇਆਮੀ ਵੱਲ ਈ ਸੀ। ਆਪਾਂ ਨੂੰ ਗੀਤਾਂ, ਫਿਲਮਾਂ ਜਾਂ ਸਰਚਾਂ ਮਾਰ ਕੇ ਲੱਭਿਆਂ ਇਹਨਾ ਦਾ ਸੁਹੱਪਣ ਈ ਲੱਭਦੈ। ਹੈ ਵੀ ਰੱਜਵਾਂ ਈ। ਕਿਸੇ ਸਿਰ ਕੱਢਵੇਂ ਚੋਬਰ ਦੀ ਲੰਮੀ ਲੰਝੀ ਤੂਤ ਦੀ ਲਗਰ ਅਰਗੀ ਸੱਜ ਵਿਆਹੀ ਵਾਂਗ। ਜੀਹਦੀ ਗੱਲ ਤੇ ਲਸਣ ਦੇ ਛੋਟੇ ਜੇ ਦਾਗ ਨੂੰ ਓਹਦੀਆਂ ਅੱਖਾਂ ਦਾ ਹਾਸਾ ਢਕ ਲੈਂਦਾ ਏ। ਜੀਹਦੀ ਅੱਖ ਨਾ ਹਸਦੀ ਹੋਵੇ ਓਹ ਸੁਹੱਪਣ ਵੀ ਕਾਹਦਾ ?

ਖੈਰ ! ਲਸਣ ਆਲਾ ਦਾਗ ਇਹਦੇ ਡਾਊਨਟਾਊਨ ਦੇ ਫੁੱਟਪਾਥਾਂ ਤੇ ਨਸ਼ੇ 'ਚ ਟੇਢਾ ਵਿੰਗਾ ਖੜ੍ਹਾ ਦੇਖਿਆ ਜਾ ਸਕਦੈ। ਲਟੈਣਾਂ ਅਰਗੇ ਮੁੰਡੇ ਕੁੜੀਆਂ ਉਮਰਾਂ ਖਤਮ ਕਰੀਂ ਖੜ੍ਹੇ ਹੁੰਦੇ ਆ। ਪਰ ਇਹ ਸਾਰਾ ਕੁਸ਼ ਮੁਲਕ ਦੀ ਸਥਾਪਤੀ ਤੇ ਸਟਰਕੱਚਰ ਸਾਹਮਣੇ ਵੱਡਾ ਨ੍ਹੀ।

ਗੱਲ ਕੰਪੈਰੀਜਨ ਦੀ ਐ। ਜੇ ਰੌਬਿਨਹੁੱਡ ਮੂਹਰੇ ਦੁੱਲੇ ਭੱਟੀ ਨੂੰ ਖੜ੍ਹਾ ਨਾ ਕੀਤਾ ਤਾਂ ਦਿੱਲੀ ਦੇ ਅਕਬਰ ਨਾਲ ਆਢਾ ਲਾਇਆ ਨਾ ਲਾਇਆ ਇੱਕ ਬਰਾਬਰ।

ਸਾਡੀ ਸਥਾਪਤੀ ਤੇ ਸਟਰੱਕਚਰ ਸਾਡੀਆਂ ਜਮੀਨਾਂ 'ਚ ਪਿਐ। ਜਿਹੜੇ ਇਸ ਗੱਲ ਨੂੰ ਨਕਾਰਦੇ ਨੇ ਓਹਨਾ ਨੂੰ ਕਹਿੰਨਾ ਹੁੰਨਾ ਕਿ ਐਥੇ ਵੀਹ ਵੀਹ ਸਾਲਾਂ ਤੋਂ ਆਇਆਂ ਨੂੰ ਊਬਰ ਲਈ ਫਿਰਦੇ ਮੈਂ ਆਪ ਦੇਖਿਆ ਏ। ਓਹ ਪਿੰਡ ਦਲਾਨ 'ਚ ਪਏ ਓਸ ਬਾਪੂ ਵਾਂਗ ਪੈਰੀਂ ਨ੍ਹੀ ਹੋ ਸਕੇ ਜਿਹੜਾ ਹਰੇਕ ਆਉਂਦੇ ਜਾਂਦੇ ਨੂੰ ਹਾਕ ਮਾਰ ਕੇ ਪੁੱਛ ਲੈਂਦਾ ਸੀ

ਨੇਤਰ 2 'ਚ ਇੱਕ ਸੀਨ ਆ ਜਿੱਥੇ ਇੱਕ ਚੋਬਰ ਕਿਸੇ ਸੁੰਨੇ ਚੁਬਾਰੇ 'ਚ ਨਸ਼ੇ ਦੀ ਓਵਰਡੋਜ਼ ਨਾਲ ਮਰ ਜਾਂਦੈ। 'ਕੱਠ 'ਚ ਖੜ੍ਹੇ ਇੱਕ ਬਜ਼ੁਰਗ ਦੇ ਬੋਲ ਹੁੰਦੇ ਆ ਕਿ ਕੌਮੀ ਘਰ ਲਈ ਜੂਝਦੇ ਮੁੰਡੇ ਕਦੇ ਆਉਣ ਆਲੀਆਂ ਨਸਲਾਂ ਦੇ ਨਰੋਏਪਣ ਦੀ ਗੱਲ ਇਸੇ ਚੁਬਾਰੇ 'ਚ ਬਹਿ ਕੇ ਕਰਦੇ ਸੀ। ਇਹ ਵੀ ਕੰਪੈਰੀਜ਼ਨ ਆ। ਕਿੱਥੋਂ ਕਿੱਥੇ ?

ਵੈਸਟ ਦੇ ਡਾਊਨਟਾਊਨਾਂ ਦਾ ਕੂਹਜ ਓਹਨਾ ਦੀ ਸਥਾਪਤੀ ਨੇ ਲੁਕੋਇਆ ਹੋਇਆ ਏ। ਐਡੀ ਸਥਾਪਤੀ ਕਿ ਸਾਡੀਆਂ ਜਮੀਨਾਂ ਇਹਦੇ ਵਿੱਚ ਖਪਣ ਲੱਗ ਪਈਆਂ। ਪਰ ਹਲੇ ਵੀ ਅਸੀਂ ਅਮਰ ਵੇਲਾਂ ਨਾਲ ਲੱਦਗੇ, ਪਰ ਹਲੇ ਨੀ ਸੁੱਕੇ,

ਸਾਨੂੰ ਚੜ੍ਹਦੀ ਕਲਾ ਦਾ ਥਾਪੜਾ ਅਸੀਂ ਹਲੇ ਨ੍ਹੀ ਮੁੱਕੇ ਸਾਡੇ ਕੋਲ ਬਹੁਤ ਕੁਸ਼ ਬਚਿਆ ਪਿਆ ਏ। ਮੈਨੂੰ ਮੇਰੇ ਪਿੰਡ ਤੋ ਸੋਹਣੀ ਧਰਤੀ ਨ੍ਹੀ ਲੱਭੀ। ਮਾਣ ਇਸ ਗੱਲ ਦਾ ਵੀ ਐ ਕਿ ਨੌਜਵਾਨੀ ਸਹੀ ਰਾਹ ਤੇ ਐ। ਪਿੰਡ ਦਾ ਕੋਈ ਛੋਹਰ ਨਸ਼ੇ ਨਾਲ ਡੱਕਿਆ ਡਿੱਗਿਆ ਨੀ ਦੇਖਿਆ। ਨਾ ਈ ਰੱਬ ਇਹ ਦਿਨ ਦਿਖਾਵੇ। ਬਾਈ ਪਰਗਟ ਦਾ ਗੀਤ ਇਸ ਲਈ ਵੀ ਸੋਹਣਾ ਏ ਕਿਉਕਿ ਪਾਣੀ ਕਣਕ ਨੂੰ ਲਗਦੈ। ਫਿਰ ਦਾਨਿਆਂ ਨਾਲ ਢੋਲ ਭਰਦੇ ਨੇ। ਬੱਸ ਐਥੇ ਈ ਸਾਡਾ ਕੰਪੈਰੀਜਨ ਬਾਂਹ ਉੱਪਰ ਕਰ ਲੈਂਦਾ ਏ। ਐਥੇ ਈ ਖਾਲ਼ ਦਾ ਪਾਣੀ ਮਾਇਆਮੀ ਦੇ ਸਮੁੰਦਰ ਤੋ ਉੱਚਾ ਹੋ ਜਾਂਦੈ। ਐਥੇ ਈ ਤੋੜੀਏ ਦੇ ਫੁੱਲ ਬੀਚਾਂ ਤੇ ਡਾਊਨਟਾਊਨ ਦੀਆਂ ਲਾਇਟਾਂ ਦਾ ਨੱਕ ਭੰਨਦੇ ਐ। ਐਥੇ ਦੁੱਲਾ ਭੱਟੀ ਦਿੱਲੀ ਮੂਹਰੇ ਲਲਕਾਰਾ ਮਾਰਦੈ। ਐਥੇ ਈ ਪੰਜਾਬ ਦੀ ਮਿੱਟੀ ਹੁੱਬ ਕੇ ਪਿੱਠ ਥਾਪੜਦੀ ਕਹਿੰਦੀ ਐ

**ਪੁੱਤ ਮੇਰੇ ਤੇ ਰਿਸ਼ੈਸ਼ਨ ਨੀ ਆਉਂਦਾ**



ਸੁਰਿੰਦਰ ਸਿੰਘ ਦਾਊਮਾਜਰਾ



ਡਾ. ਬਲਵਿੰਦਰ ਕੌਰ ਬਰਾੜ
403 590 9629




# ਕਈ ਲੋਕ ਗੱਲਾਂ ਕਰਨ ਲੱਗੇ ਵੀ ਖਲਾਰਾ ਪਾ ਬੈਠਦੇ ਹਨ

ਕਿਹਾ ਲਿਬਾਸ ਪਾ ਲਿਆ ਅੱਜ ਦੀ ਤਹਿਜ਼ੀਬ ਨੇ,
ਰੂਹਾਂ ਨਕਾਬਪੋਸ਼ ਤੇ ਬੇ-ਪਰਦ ਹੋਈਆਂ ਇੰਦਰੀਆਂ।
ਸੂਰਤ ਉਸ ਦੀ ਭੋਲ਼ੀ ਭਾਲ਼ੀ ਪੂਰੀ ਮੋਮੋਠਗਣੀ ਹੈ,
ਸੀਰਤ ਅੱਗੇ ਗੋਡੇ ਟੇਕਣ ਬਾਦਲੀਆਂ ਅਮਰਿੰਦਰੀਆਂ।
(ਬਖ਼ਸ਼ਿੰਦਰ)

ਲੰਘੇ ਸਾਲ ਮੈਂ ਕੈਲੀਫੋਰਨੀਆਂ ਕਿਸੇ ਦੇ ਘਰ ਗਈ। ਉਹ ਆਪਣੇ ਲੜਕੇ ਲਈ ਲੜਕੀ ਦੀ ਤਲਾਸ਼ ਕਰ ਰਹੇ ਸਨ। ਮੈਂ ਪੁੱਛਿਆ ਕੋਈ ਖਾਸ ਸ਼ਰਤ ਹੈ। ਉਨ੍ਹਾਂ ਨੇ ਸ਼ਰਤ ਦੱਸੀ ਕਿ ਪੜ੍ਹੀ-ਲਿਖੀ ਪਰ ਸ਼ਰਾਬ ਨਾ ਪੀਣ ਵਾਲ਼ੀ ਕੁੜੀ ਚਾਹੀਦੀ ਹੈ। ਮੈਨੂੰ ਲੱਗਿਆ ਉਹ ਵਧਾ-ਚੜ੍ਹਾ ਕੇ ਮੁੰਡੇ ਦੀ ਸਿਫ਼ਤ ਪਰੋਸ ਰਹੇ ਹਨ। ਕੁਝ ਸਮੇਂ ਪਿੱਛੋਂ ਮੈਂ ਕਿਸੇ ਸਰਦੇ ਪੁਜਦੇ ਸ਼ਰੀਫ਼ ਘਰ ਦੀ ਕੁੜੀ ਦੀ ਦੱਸ ਪਾਈ। ਮੁੰਡੇ ਨੇ ਉਸ ਕੁੜੀ ਦੀ ਸ਼ਰਾਬ ਨਾਲ਼ ਫੋਟੋ ਭੇਜ ਕੇ ਮੈਨੂੰ ਹੈਰਾਨ ਕਰ ਦਿੱਤਾ। ਸਭ ਮਾਪੇ ਆਪਣੇ ਵਿੱਤ ਤੋਂ ਉੱਚੀ ਛਾਲ਼ ਮਾਰਨਾ ਚਾਹ ਰਹੇ ਹੁੰਦੇ ਹਨ। ਪਰ ਦੁਆਲ਼ੇ ਦੀਆਂ ਘਟਨਾਵਾਂ ਤੋਂ ਲਗਦਾ ਹੈ ਵਿਆਹ ਸੰਸਥਾ ਦੀਆਂ ਧੱਜੀਆਂ ਉੱਡ ਰਹੀਆਂ ਹਨ। ਬਸਪਨ ਵਿਚ ਸਾਨੂੰ ਸਹੁਰਿਆਂ ਦਾ ਜਮਦੂਤਾਂ ਵਰਗਾ ਡਰ ਪਾਇਆ ਜਾਂਦਾ ਸੀ। ਹੁਣ ਮੁੰਡੇ ਡਰਨ ਲੱਗੇ ਹਨ, ਆਖਦੇ ਹਨ, 'ਮੁੰਡਾ ਬਚਾਉ, ਨਾ ਹੀ ਵਿਆਹੋ'। ਮਾਪੇ ਵੀ ਸੋਚਦੇ ਹੋਣੇ ਧੀਆਂ ਨੂੰ ਪੁੱਤਾਂ ਵਾਂਗ ਪਾਲ਼ ਕੇ ਪੰਗਾ ਹੀ ਲੈ ਲਿਆ। ਇਨ੍ਹਾਂ ਧੀਆਂ ਨੇ ਆਪਣੇ ਗੁਣ ਤਜ ਕੇ ਪੁੱਤਾਂ ਦੇ ਸਭ ਔਗੁਣ ਅਪਣਾ ਲੈਣ ਨੂੰ ਹੀ ਬਰਾਬਰੀ ਮੰਨ ਧਰਿਆ। ਸ਼ਰਾਬ, ਨਸ਼ਾ, ਗੰਦੀਆਂ ਗਾਲ਼ਾਂ ਕੱਢਣਾ ਤਾਂ ਪਾਸੇ ਰਿਹਾ, ਲੋਕ-ਲਾਜ ਜਾਂ ਸੰਗ-ਸ਼ਰਮ ਨੂੰ ਕਿੱਲੇ ਟੰਗ ਕੇ ਅਪਰਾਧ ਵਿਚ ਵੀ ਬਰਾਬਰੀ ਕਰਨ ਦੀ ਠਾਣ ਰੱਖੀ ਹੈ। ਇਨ੍ਹਾਂ ਨੂੰ ਵੈੱਡਿੰਗ ਜਾਂ ਪ੍ਰੀ-ਵੈੱਡਿੰਗ ਤੋਂ ਅਗਲਾ ਸਫ਼ਰ ਚੇਤੇ ਨਹੀਂ ਹੈ। ਜਿਵੇਂ ਮੀਂਹ ਪੈਣ ਪਿੱਛੋਂ ਰੁੱਖ ਦੇ ਪੱਤਿਆਂ ਦੀ ਤਿੱਪ-ਤਿੱਪ ਸਾਨੂੰ ਭਿਉਂ ਦਿੰਦੀ ਹੈ। ਆਸ਼ਕ ਨਾਲ਼ ਰਲ਼ ਕੇ ਪਤੀ ਨੂੰ ਕਤਲ ਕਰਨ ਜਾਂ ਕਰਵਾਉਣ ਜਿਹੀ ਵਾਰਦਾਤ ਨੇ ਸਭ ਦਾ ਕਾਲਜਾ ਵਲੂੰਧਰਿਆ ਹੈ। ਮਾਪਿਆਂ ਦੇ ਸੀਨੇ ਪੁੱਤ ਦਾ ਸਿਵਾ ਹਮੇਸ਼ਾ ਹੀ ਸੁਲਗਦਾ ਰਹੇਗਾ। ਮੈਨੂੰ ਪਤਾ ਹੈ ਮੇਰੇ ਇਹ ਅੱਖਰ ਕਈਆਂ ਨੂੰ ਘਟੀਆ, ਪਿਛਾਂਹ-ਖਿੱਚੂ ਜਾਂ ਪੁਰਾਣੇ ਲੱਗਣਗੇ, ਪਰ ਵਿਆਹ ਹੁਣ ਇਕ ਦੂਜੇ ਦੀ ਮਨ-ਮਿੱਟੀ ਵਿਚ ਉੱਗ ਪੈਣ ਦੀ ਥਾਂ ਧੰਦਾ, ਸੌਦਾ ਜਾਂ ਵਕਤੀ ਝਰਨਾਹਟ ਬਣ ਗਿਆ ਹੈ। ਸੋਨੇ ਦਾ ਅੰਡਾ ਦੇਣ ਵਾਲ਼ੀ ਮੁਰਗੀ ਬਾਰੇ ਵੀ ਸੁਣਿਆ ਸੀ। ਸਹੁਰਿਆਂ ਨੇ ਵੀ ਪੂਰੇ ਹਥੇਲ਼ੀ ਫੋੜੇ ਵਾਂਗ ਰੱਖੀ ਸੀ ਪਰ ਇਸ ਨੂੰ ਲਾਡ ਪਚਿਆ ਨਹੀਂ। ਬਹੁਤਾ ਖਾਂਦੀ ਥੋੜੇ ਤੋਂ ਵੀ ਗਈ। ਕਿਸੇ ਦੀ ਬਲ਼ਦੀ ਚਿਖਾ 'ਤੇ ਰੋਟੀ ਸੇਕ ਕੇ ਕਿਵੇਂ ਰੱਜਿਆ ਜਾ ਸਕਦਾ ਹੈ। ਕੋਰੇਪਣ ਦੇ ਇਸ ਦੌਰ ਦੇ ਬੇ-ਕਿਰਕ ਲੋਕ ਸੈਂਟਾਂ ਛਿੜਕੇ ਲਿਬਾਸ ਪਾ ਕੇ ਛੱਪੜ ਦੇ ਹੁਮਕੇ ਪਾਣੀ ਜਿਹੇ ਰਿਸ਼ਤੇ ਪਾਲ਼ਦੇ ਹਨ, ਜਿੱਥੇ ਸਾਂਝ ਛਾਤੀ ਵਿੱਚੋਂ ਕੱਢ ਕੇ ਬੋਝੇ ਪਾ ਤੁਰਨ ਦੀ ਲਾਲਸਾ, ਹਵਸ, ਲਾਲਚ, ਨਿੱਜੀ ਲਾਹਾ, ਅਪਹੁਦਰਾਪਣ ਅੰਦਰਲਾ ਖਲਲ ਸਿਰਜਦੀ ਹੈ। ਬਿਨਾ ਕਿਸੇ ਫ਼ਰਜ਼ ਤੋਂ ਹੀ ਪੂਰੇ ਹੱਕ ਪਾ ਲੈਣ ਦਾ ਅਜਿਹਾ ਸਵਾਰਥੀ ਰਵੱਈਆ ਇਨ੍ਹਾਂ ਦਾ ਖਾਸਾ ਹੈ। ਇਕ ਨੁਕਤਾ ਇਸ ਪਨੀਰੀ ਦੀ ਸਿੱਖਿਆ ਵਿਚ ਕਦਰਾਂ ਕੀਮਤਾਂ ਜਾਂ ਨੈਤਿਕਤਾ ਦਾ ਮਨਫ਼ੀ ਹੋਣਾ ਵੀ ਹੈ। ਇਹ ਸਭ ਆਲਮੀ ਮੰਡੀ ਦੇ ਸਿੱਕੇ ਵਾਂਗ ਤਿਆਰ ਕੀਤੇ ਜਾ ਰਹੇ ਹਨ। ਦੁਨੀਆਂ ਵੇਖਣਯੋਗ ਵਸਤਾਂ ਤੱਕ ਹੀ ਸਿਮਟੀ ਹੈ। ਭਾਵੁਕਤਾ ਤੋਂ ਸੱਖਣਾ ਮਨ ਕਿਸੇ ਹੋਰ ਦੀ ਥਾਂ ਖੜ੍ਹ ਕੇ ਸੋਚਣ ਦੀ ਲੋੜ ਨਹੀਂ ਮੰਨਦਾ। ਦੁਆਲ਼ੇ ਵਸਦੇ ਲੋਕ ਸਭ ਲਗਾਂ ਮਾਤਰਾਂ ਹੀ ਜਾਪਦੇ ਹਨ। ਇਨ੍ਹਾਂ ਲਈ ਸੰਗ, ਸ਼ਰਮ, ਮਾਪੇ, ਲੋਕ-ਲਾਜ ਸਭ ਜੁੱਤੀ ਦੀਆਂ ਨੋਕਾਂ 'ਤੇ ਨਜ਼ਰੀਂ ਆਉਂਦੇ ਹਨ। ਔਰਤ ਮਰਦ ਦੇ ਆਪਸੀ ਸੰਬੰਧ 'ਯਾਰਾ ਤੇਰਾ ਘੁੱਟ ਭਰ ਲਾਂ' ਵਰਗੇ ਤਾਂ ਘੱਟ ਹੀ ਰਹੇ ਹਨ। ਟੇਢਾਂ ਪਹਿਲਾਂ ਵੀ ਗਰਜਾਂ ਅਨੁਸਾਰੀ ਸਨ ਪਰ ਹੁਣ ਦੋਹਾਂ ਨੇ ਰਲ਼ ਕੇ ਬਖੀਏ ਉਧੇੜ ਧਰੇ ਹਨ। ਵਸਤ ਪ੍ਰਾਪਤੀ ਦੇ ਆਤੰਕ ਨੇ ਜਿਉਣਾ ਦੁੱਭਰ ਕਰ ਰੱਖਿਆ ਹੈ। ਵਿਆਹ ਜ਼ਿੰਦਗੀ ਦਾ ਅਜਿਹਾ ਮੌਕਾ ਮੇਲ ਹੈ ਜਿੱਥੇ ਭਵਿੱਖੀ ਸੁਪਨੇ ਸੈਨਤਾਂ ਮਾਰਦੇ ਹਨ। ਉਮਰ ਦੀ ਸਰਦਲ ਤੋ ਸਾਹਾਂ ਦੀ ਮਹਿਕ ਰੁਮਕਦੀ ਹੈ, ਮਨ ਵਿਚ ਕਾਸ਼ਨੀ ਧੁੱਪ ਪਸਰਨ ਦੀ ਆਹਟ ਸੁਣਦੀ ਹੈ।

ਪਰ ਮਨਾਂ ਵਿਚ ਕੜਕਦੀਆਂ ਧੁੱਪਾਂ ਲੈ ਕੇ ਕਿਸੇ ਪਲਕਾਂ ਦੀ ਛਾਂ ਸਕੂਨ ਨਹੀਂ ਦੇ ਸਕਦੀ। ਦੋ ਪਿੰਡਾਂ ਦੀਆਂ ਪੰਚਾਇਤਾਂ ਦੋ ਪਰਿਵਾਰਾਂ ਦੀਆਂ ਸਾਂਝਾਂ ਲਈ ਕਿਸੇ ਇਸ਼ਟ ਮੂਹਰੇ ਸਾਕਸ਼ੀ ਹੋ ਕੇ ਦੋਵਾਂ ਦੇ ਸਾਹਾਂ ਜਿਹਾ ਸਹੁੰ ਚੁਕਦੇ ਆਪਸੀ ਸਮਰਪਣ ਜ਼ਿੰਮੇਵਾਰੀ, ਸਾਂਝ ਦੀ ਸ਼ਨਾਖ਼ਤ ਬਦਲਦੇ ਹਨ। ਖਾਸ ਕਰ ਕੇ ਔਰਤ ਮਨ ਤੋਂ ਇਨ੍ਹਾਂ ਪਲਾਂ ਵਿਚ ਮੋਹ, ਮਮਤਾ, ਪਿਆਰ ਵਿਚ ਪਿਘਲ ਜਾਣ ਜਿਹੀ ਰੁਚੀ ਮੰਗਦੇ ਹਾਂ ਜਿੱਥੇ ਉਸ ਦੀ ਜ਼ਿੰਦਗੀ ਦਾ ਨਵਾਂ ਵਰਕਾ ਉਲੀਕਿਆ ਜਾਂਦਾ ਹੈ। ਪਰ ਇਸ ਵੇਲ਼ੇ ਨੂੰ ਦਗਾ ਦੇ ਕੇ, ਧੋਖਾ ਕਰ ਕੇ, ਹਰ ਰਸਮ ਵੱਲ ਪਿੱਠ ਕਰ ਕੇ, ਬਦਮਾਸ਼ੀਆਂ ਲੈ ਕੇ ਕਿਹੜੀ ਖ਼ੁਸ਼ੀ ਵਿਹਾਜੀ ਜਾਂਦੀ ਹੈ। ਸਿਆਣੇ ਆਖਦੇ ਹਨ, 'ਤੱਕੀਏ ਪਰ ਨੂੰ ਤਾਂ ਆਉਂਦੀ ਐ ਘਰ ਨੂੰ'। ਹੁਣ ਤੱਕ ਔਰਤ ਕੁਰਬਾਨੀ ਦੀ ਮੂਰਤ ਰਹੀ ਹੈ। ਉਸ ਕੋਲ਼ ਮਰਦ ਨਾਲ਼ੋਂ ਵੱਧ ਗੁਣ ਹਨ। ਇਨ੍ਹਾਂ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ। ਇਹ ਗੁਣ ਮਰਦਾਂ ਵਿਚ ਵੀ ਪੈਦਾ ਕਰੋ ਤਾਂ ਬਰਾਬਰ ਹੋਵਾਂਗੇ।

ਔਰਤ ਧਰਤੀ ਹੈ ਜਰ ਜਾਂਦੀ ਹੈ
ਮਰਦ ਬੱਦਲ ਹੈ ਵਰ੍ਹ ਜਾਂਦਾ ਹੈ। (ਕਵਿੰਦਰ ਚਾਂਦ)

# ਫਿਲਮ 'ਬੇਬੇ ਮੈਂ ਬਦਮਾਸ਼ ਬਣੂੰਗਾ' ਨੇ ਰਿਲੀਜ ਹੋਣ ਤੋਂ ਪਹਿਲਾਂ ਹੀ ਮਾਹੌਲ ਰੰਗੀਨ ਕੀਤਾ

## ਟ੍ਰੇਲਰ 'ਚੋਂ ਝਲਕ ਰਹੀ ਹੈ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ
## ਭੋਲੇ ਤੋਂ ਬਦਮਾਸ਼ ਬਣਨ ਤੁਰਿਆ ਜਗਜੀਤ ਸੰਧੂ ਟ੍ਰੇਲਰ ਰਾਹੀਂ ਵੀ ਛਾਇਆ

ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ/ ਪੰਜ ਦਰਿਆ ਬਿਊਰੋ) ਪੰਜਾਬੀ ਸਿਨੇਮਾ ਡਾਂਵਾਡੋਲ ਵਾਲੀ ਸਥਿਤੀ 'ਚੋਂ ਬਾਹਰ ਨਹੀਂ ਨਿੱਕਲ ਰਿਹਾ ਸੀ। ਸਿਰਫ ਤੇ ਸਿਰਫ ਵਿਆਹ ਦਾ ਮਾਹੌਲ, ਫੁੱਫੜਾਂ ਪਰਾਹੁਣਿਆਂ ਦੀ ਫੂਹੜ ਜਿਹੀ ਕਾਮੇਡੀ ਨੇ ਦਰਸ਼ਕ ਨੂੰ ਨਿਰਾਸ਼ ਕੀਤਾ ਹੋਇਆ ਹੈ। ਅਜਿਹੇ ਦੌਰ ਵਿੱਚ ਸਾਲ 2026 ਦੀ ਪਹਿਲੀ ਫਿਲਮ 'ਬੇਬੇ ਮੈਂ ਬਦਮਾਸ਼ ਬਣੂੰਗਾ' ਬੇਸ਼ੱਕ ਫਰਵਰੀ ਦੇ ਪਹਿਲੇ ਹਫਤੇ ਰਿਲੀਜ ਹੋਣੀ ਹੈ ਪਰ ਉਸਤੋਂ ਪਹਿਲਾਂ ਰਿਲੀਜ ਹੋਏ ਟ੍ਰੇਲਰ ਨੇ ਹੀ ਖੜ੍ਹੇ ਪਾਣੀਆਂ ਵਿੱਚ ਘੜੀ ਦੀ ਡੀਕਰੀ ਦੀ ਤਾਰੀ ਵਾਂਗ ਖੂਬਸੂਰਤ ਜਿਹੀ ਹਿੱਲਜੁੱਲ ਕੀਤੀ ਹੈ। ਟ੍ਰੇਲਰ ਵਿੱਚ ਫਿਲਮ ਦੇ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ ਮੂੰਹੋਂ ਬੋਲਦੀ ਹੈ। ਪਾਤਰਾਂ ਮੂੰਹੋਂ ਬੁਲਵਾਏ ਸੰਵਾਦ ਤੇ ਸਿਰਜੇ ਹੋਏ ਦ੍ਰਿਸ਼ ਟ੍ਰੇਲਰ ਦੇਖਣ ਵਾਲੇ ਨੂੰ ਫਿਲਮ ਦੇਖਣ ਲਈ ਉਕਸਾਉਂਦੇ ਹਨ। ਭੋਲੇ ਦੇ ਕਿਰਦਾਰ ਨਾਲ ਪੰਜਾਬੀ ਫਿਲਮ ਜਗਤ ਵਿੱਚ ਤਰਥੱਲੀ ਮਚਾਉਣ ਵਾਲੇ ਜਗਜੀਤ ਸੰਧੂ ਦਾ ਬਦਮਾਸ਼ ਬਣਨਾ ਵੀ ਦਰਸ਼ਕ ਖੂਬ ਸਰਾਹ ਰਹੇ ਹਨ। ਜਗਜੀਤ ਸੰਧੂ ਦੇ ਮੂੰਹੋਂ ਇੱਕ ਇੱਕ ਬੋਲ ਨੂੰ ਜਿਸ ਸੰਜੀਦਗੀ ਤੇ ਖੂਬਸੂਰਤੀ ਨਾਲ ਬੁਲਵਾਇਆ ਗਿਆ ਹੈ, ਓਹ






ਕੰਮ ਸੁਖਮਿੰਦਰ ਧੰਜਲ ਵਰਗਾ ਪ੍ਰਬੀਨ ਨਿਰਦੇਸ਼ਕ ਹੀ ਕਰ ਸਕਦਾ ਹੈ। ਇਹ ਵੀ ਜਿਕਰਯੋਗ ਹੈ ਫਿਲਮ ਦੀ ਕਹਾਣੀ ਵੀ ਸੁਖਮਿੰਦਰ ਧੰਜਲ ਨੇ ਲਿਖੀ ਹੈ। ਪ੍ਰੋਡਿਊਸਰ ਰੁਪਾਲੀ ਤੇ ਜਗਜੀਤ ਸੰਧੂ ਖੁਦ ਹਨ। ਫਿਲਮ ਵਿੱਚ ਜੌਹਰ ਦਿਖਾਉਣ ਵਾਲੇ ਕਲਾਕਾਰਾਂ ਦੀ ਗੱਲ ਕਰੀਏ ਤਾਂ ਜਗਜੀਤ ਸੰਧੂ ਦੇ ਨਾਲ ਹੀਰੋਇਨ ਵਜੋਂ ਅਵੀਰਾ ਸਿੰਘ ਮਸੌਣ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ। ਦਿੱਗਜ ਕਲਾਕਾਰ ਅਸੀਸ਼ ਦੁੱਗਲ, ਸੰਜੇ ਸੋਲੰਕੀ, ਪਰਮਵੀਰ ਸਿੰਘ, ਸਤਵੰਤ ਕੌਰ, ਰਾਹੁਲ ਜੰਗਰਾਲ, ਇਕੱਤਰ ਸਿੰਘ, ਜੱਸੀ ਲੌਂਗੋਵਾਲੀਆ, ਗੁਰੀ ਤੂਰ, ਬੇਅੰਤ ਸਿੰਘ ਵੀ ਨਜ਼ਰੀਂ ਪੈਣਗੇ। ਪੰਜ ਦਰਿਆ ਯੂਕੇ ਨਾਲ ਗੱਲਬਾਤ ਦੌਰਾਨ ਡਾਇਰੈਕਟਰ ਸੁਖਮਿੰਦਰ ਧੰਜਲ ਨੇ ਕਿਹਾ ਕਿ ਅਣਥੱਕ ਮਿਹਨਤ ਦਾ ਫਲ ਉਮੀਦ ਤੋਂ ਵੀ ਵਧੇਰੇ ਮਿੱਠਾ ਹੁੰਦਾ ਹੈ। ਸਾਡੀ ਕੋਸ਼ਿਸ਼ ਹੀ ਇਹ ਐ ਕਿ ਪੰਜਾਬੀ ਫਿਲਮਾਂ ਦੇ ਨਾਂ 'ਤੇ ਦਰਸ਼ਕ ਨੂੰ ਹਾਸੇ ਦੀ ਆੜ 'ਚ ਰੋਣ-ਹਾਕਾ ਨਾ ਕੀਤਾ ਜਾਵੇ। ਦਰਸ਼ਕ ਫਿਲਮ ਦੇਖ ਕੇ ਘਰ ਨੂੰ ਜਾਣ ਵੇਲੇ ਫਿਲਮ ਟੀਮ ਲਈ ਭੱਦੀ ਸ਼ਬਦਾਵਲੀ ਵਰਤ ਕੇ ਟਿਕਟ ਤੇ ਪੈਸਿਆਂ ਦੀ ਬਰਬਾਦੀ ਦਾ ਰੋਣਾ ਨਾ ਰੋਵੇ। ਸਾਡੀ ਮਿਹਨਤ ਦਾ ਜਸ ਦਰਸ਼ਕ ਖੁਦ ਗਾਉਣਗੇ, ਜਦੋਂ ਦੇਖਣਗੇ ਕਿ ਜਗਜੀਤ ਸੰਧੂ ਬਦਮਾਸ਼ ਬਣਨਾ ਕਿਉਂ ਚਾਹੁੰਦਾ ਹੈ ?

ਸੁਖਮਿੰਦਰ ਧੰਜਲ ਨੇ ਕਿਹਾ ਪੰਜਾਬੀ ਫਿਲਮ ਜਗਤ ਤੋਂ ਉਮੀਦਾਂ ਲਾਈ ਬੈਠੇ ਦਰਸ਼ਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਹਲਕੇ ਪੱਧਰ ਦੀ ਕਾਮੇਡੀ 'ਚੋਂ ਬਾਹਰ ਨਿਕਲਣ ਦੀ ਲੋੜ ਸੀ, ਅਸੀਂ ਓਸੇ ਕੋਸ਼ਿਸ਼ ਨੂੰ ਅਮਲੀ ਜਾਮਾ ਪਹਿਨਾਇਆ ਹੈ। ਫਿਲਮ 'ਬੇਬੇ ਮੈਂ ਬਦਮਾਸ਼ ਬਣੂੰਗਾ' ਦਾ ਟ੍ਰੇਲਰ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਸੁਖਮਿੰਦਰ ਧੰਜਲ ਇਸ ਫ਼ਿਲਮ ਰਾਹੀਂ ਕੁਝ ਨਿਵੇਕਲਾ ਕਰਨ ਜਾ ਰਹੇ ਹਨ। ਪੰਜਾਬੀ ਫਿਲਮ ਜਗਤ ਦੀ ਚੜ੍ਹਦੀ ਕਲਾ ਲਈ ਉਮੀਦਵਾਨ ਹੁੰਦਿਆਂ ਦੁਆ ਕਰਦੇ ਹਾਂ ਕਿ ਇਸ ਵਰ੍ਹੇ ਦੀ ਪਹਿਲੀ ਫਿਲਮ ਦਰਸ਼ਕਾਂ ਨੂੰ ਪਸੰਦ ਆਵੇ ਤੇ ਪੰਜਾਬੀ ਸਿਨੇਮਾ ਦੇ ਵੀ ਭਲੇ ਦਿਨ ਪਰਤਣ।

# ਟਰੰਪ ਦਾ ਕਹਿਣਾ ਹੈ ਕਿ ਭਾਰਤ ਹੁਣ ਇਰਾਨ ਦੀ ਥਾਂ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ

## ਪਰ ਅਮਰੀਕੀ ਸਦਰ ਦੇ ਦਾਅਵੇ ਬਾਰੇ ਭਾਰਤ ਵੱਲੋਂ ਫੌਰੀ ਪ੍ਰਤੀਕਿਰਿਆ ਤੋਂ ਪਰਹੇਜ਼



ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤ ਭਵਿੱਖ ਵਿੱਚ ਇਰਾਨ ਦੀ ਥਾਂ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ। ਏਅਰ ਫੋਰਸ ਵਨ ’ਤੇ ਪਾਲਮ ਬੀਚ ਲਈ ਰਵਾਨਾ ਹੋਏ ਸ੍ਰੀ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੱਕ ਸਵਾਲ ਦੇ ਜਵਾਬ ਵਿੱਚ ਉਪਰੋਕਤ ਟਿੱਪਣੀ ਕੀਤੀ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਚੀਨ ਤੇਲ ਸਪਲਾਈ ਦੇ ਬਦਲੇ ਵੈਨੇਜ਼ੁਏਲਾ ਨੂੰ ਦਿੱਤੇ ਉਧਾਰ ਦੀ ਵਸੂਲੀ ਕਰੇਗਾ ਜਾਂ ਨਹੀਂ? ਪਰ ਦੂਜੇ ਪਾਸੇ ਟਰੰਪ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਲੈ ਕੇ ਨਵੀਂ ਦਿੱਲੀ ਨੇ ਫੌਰੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਟਰੰਪ ਨੇ ਕਿਹਾ, ‘‘ਚੀਨ ਜੇਕਰ ਆਉਂਦਾ ਹੈ ਤਾਂ ਉਸ ਦਾ ਸਵਾਗਤ ਹੈ ਅਤੇ ਉਹ ਤੇਲ ’ਤੇ ਵੱਡਾ ਸੌਦਾ ਕਰੇਗਾ। ਅਸੀਂ ਚੀਨ ਦਾ ਸਵਾਗਤ ਕਰਦੇ ਹਾਂ। ਅਸੀਂ ਪਹਿਲਾਂ ਹੀ ਸੌਦਾ ਕਰ ਲਿਆ ਹੈ। ਭਾਰਤ ਆ ਰਿਹਾ ਹੈ ਅਤੇ ਉਹ ਇਰਾਨ ਦੀ ਥਾਂ ਵੈਨੇਜ਼ੁਏਲਾ ਤੋਂ ਤੇਲ ਦੀ ਖਰੀਦ ਰਿਹਾ ਹੈ।’’ ਕਾਬਿਲੇ-ਗੌਰ ਹੈ ਕਿ ਭਾਰਤ 2019 ਤੱਕ ਇਰਾਨੀ ਤੇਲ ਦਾ ਵੱਡਾ ਖਰੀਦਦਾਰ ਰਿਹਾ ਹੈ, ਪਰ ਉਸ ਸਾਲ ਅਮਰੀਕਾ ਵੱਲੋਂ ਤਹਿਰਾਨ ’ਤੇ ਲਾਈਆਂ ਪਾਬੰਦੀਆਂ ਕਰ ਕੇ ਤੇਲ ਦੀ ਦਰਾਮਦ ਵਿੱਚ ਵੱਡੀ ਗਿਰਾਵਟ ਆਈ ਹੈ। ਟਰੰਪ ਨੇ ਉਪਰੋਕਤ ਦਾਅਵਾ ਇਰਾਨ ਤੇ ਵੈਨੇਜ਼ੁਏਲਾ ’ਤੇ ਲਾਈਆਂ ਪਾਬੰਦੀਆਂ ਦੇ ਪਿਛੋਕੜ ਵਿੱਚ ਕੀਤਾ ਹੈ, ਜਦੋਂ ਉਸ ਵੱਲੋਂ ਪਾਬੰਦੀ ਅਧੀਨ ਮੁਲਕਾਂ ਤੋਂ ਤੇਲ ਦੀ ਖਰੀਦ ਨਾ ਕੀਤੇ ਜਾਣ ਲਈ ਪ੍ਰਮੁੱਖ ਊਰਜਾ ਦਰਾਮਦ ਮੁਲਕਾਂ ’ਤੇ ਦਬਾਅ ਪਾਇਆ ਜਾ ਰਿਹਾ ਹੈ। ਹਾਲੀਆ ਸਾਲਾਂ ਵਿੱਚ ਭਾਰਤ ਨੇ ਰੂਸ ਤੋਂ ਵੱਡੇ ਪੱਧਰ ’ਤੇ ਸਸਤੇ ਭਾਅ ਤੇਲ ਦੀ ਖਰੀਦ ਕੀਤੀ ਹੈ। ਰੂਸੀ ਤੇਲ ਦੀ ਖਰੀਦ ਕਰ ਕੇ ਹੀ ਅਮਰੀਕਾ ਨੇ ਭਾਰਤ ’ਤੇ ਵਾਧੂ 25 ਫੀਸਦ ਟੈਰਿਫ ਲਗਾਇਆ ਸੀ।






# ਗਿਆਨ ਦਾ ਸਮੁੰਦਰ 'ਫੋਰ-ਇਨ-ਵਨ' ਲੇਖਕ : ਬੁੱਧ ਸਿੰਘ ਨੀਲੋਂ



ਉਜਾਗਰ ਸਿੰਘ

ਕਈ ਵਾਰੀ ਕਿਸੇ ਵਿਅਕਤੀ ਦੀ ਕਾਬਲੀਅਤ ਉਸਦਾ ਲਾਭ ਕਰਨ ਦੀ ਥਾਂ ਨੁਕਸਾਨ ਕਰ ਜਾਂਦੀ ਹੈ, ਕਿਉਂਕਿ ਉਸਦੀ ਕਾਬਲੀਅਤ ਤੋਂ ਖ਼ਾਰ ਖਾਣ ਵਾਲੇ ਉਸਦੀ ਵਿਦਵਤਾ ਤੇ ਕਾਬਲੀਅਤ ਦੇ ਅਜਿਹੇ ਵਿਰੋਧੀ ਬਣਦੇ ਹਨ ਕਿ ਉਸਦੀਆਂ ਜੜ੍ਹਾਂ ਵਿੱਚ ਤੇਲ ਦੇਣ ਤੋਂ ਗੁਰੇਜ ਨਹੀਂ ਕਰਦੇ। ਵੈਸੇ ਉਸਦੀ ਕਿਸੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਦੁਸ਼ਮਣ ਤਾਂ ਉਸਦੀ ਕਾਬਲੀਅਤ ਹੀ ਬਣੀ ਹੈ। ਬਿਲਕੁਲ ਇਸੇ ਤਰ੍ਹਾਂ ਬੁੱਧ ਸਿੰਘ ਨੀਲੋਂ ਨਾਲ ਹੋਇਆ ਹੈ। ਬੁੱਧ ਸਿੰਘ ਨੀਲੋਂ ਬਹੁਤਾ ਪੜ੍ਹਿਆ ਲਿਖਿਆ ਨਹੀਂ ਹੈ, ਭਾਵ ਉਸਨੇ ਡਿਗਰੀਆਂ ਨਹੀਂ ਕੀਤੀਆਂ ਹੋਈਆਂ, ਸਿਰਫ ਹਾਇਰ ਸੈਕੰਡਰੀ ਤੱਕ ਪੜ੍ਹਾਈ ਕੀਤੀ ਹੋਈ ਹੈ, ਪ੍ਰੰਤੂ ਉਹ ਗਿਆਨਵਾਨ ਹੀ ਨਹੀਂ ਸਗੋਂ ਉਸ ਕੋਲ ਗਿਆਨ ਦਾ ਭੰਡਾਰ ਹੈ। ਉਹ ਗਿਆਨਵਾਨ ਕਿਵੇਂ ਬਣਿਆਂ ਇਹ ਵੀ ਇੱਕ ਚਮਤਕਾਰੀ ਕਹਾਣੀ ਹੈ। ਉਸਨੂੰ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ, ਪ੍ਰੰਤੂ ਪਰਿਵਾਰ ਦੀ ਗ਼ਰੀਬੀ ਨੇ ਉਸਨੂੰ ਪੜ੍ਹਾਈ ਜ਼ਾਰੀ ਰੱਖਣ ਦੇ ਰਾਹ ਵਿੱਚ ਰੋੜਾ ਬਣਦੀ ਰਹੀ। ਜਦੋਂ ਉਹ ਪੰਜਾਬੀ ਸਾਹਿਤ ਅਕਡਮੀ ਲੁਧਿਆਣਾ ਵਿੱਚ ਨੌਕਰੀ ਕਰਨ ਲੱਗਿਆ ਤਾਂ ਉਸਨੂੰ ਆਪਣੇ ਪੜ੍ਹਨ ਲਿਖਣ ਦੇ ਸ਼ੌਕ ਨੂੰ ਅਮਲੀ ਜਾਮਾ ਪਹਿਨਾਉਣ ਦਾ ਅਵਸਰ ਮਿਲ ਗਿਆ। ਉਸਨੇ ਅਕਾਡਮੀ ਦੀ ਲਾਇਬਰੇਰੀ ਦਾ ਪੂਰਾ ਲਾਹਾ ਲਿਆ। ਉਸਦੀ ਪੁਸਤਕਾਂ ਪੜ੍ਹਨ ਦੀ ਪ੍ਰਵਿਰਤੀ ਨੂੰ ਚਾਰ ਚੰਨ ਲੱਗ ਗਏ। ਗਿਆਨ ਦੀ ਰੌਸ਼ਨੀ ਨੇ ਉਸਦੇ ਦਿਮਾਗ ਦੇ ਕਪਾਟ ਖੋਲ੍ਹ ਦਿੱਤੇ ਤੇ ਬੁੱਧ ਸਿੰਘ ਨੀਲੋਂ ਸੁੱਧ-ਬੁੱਧ ਭੁਲਕੇ ਲਾਇਬਰੇਰੀ ਦੀਆਂ ਪੁਸਤਕਾਂ ਦੇ ਰਖਵਾਲੇ ਦੇ ਨਾਲ ਹੀ ਪੁਸਤਕਾਂ ਦਾ ਰਸੀਆ ਬਣ ਗਿਆ। ਪੀ.ਐਚ.ਡੀ.ਦੇ ਥੀਸਜ਼ ਦੇ ਖਰੜਿਆਂ ਦੀਆਂ ਗ਼ਲਤੀਆਂ ਵੀ ਫੜ੍ਹਨ ਲੱਗ ਪਿਆ। ਇਹ ਸਾਰਾ ਕੁਝ ਉਸਦੇ ਦਿਮਾਗੀ ਤੌਰ 'ਤੇ ਚੇਤੰਨ ਤੇ ਚਿੰਤਕ ਹੋਣ ਦੀ ਭਾਵਨਾ ਦਾ ਨਤੀਜਾ ਸੀ। ਭਾਵੇਂ ਉਹ ਪੰਜਾਬੀ ਸਾਹਿਤ ਅਕਾਡਮੀ ਦੀ ਨੌਕਰੀ ਤੋਂ ਰੁਖ਼ਸਤ ਹੋ ਗਿਆ, ਪ੍ਰੰਤੂ ਪੁਸਤਕਾਂ ਨਾਲ ਉਸਦਾ ਪਿਆਰ ਬਰਕਰਾਰ ਹੈ। ਉਹ ਹਰ ਵਕਤ ਗਿਆਨ ਦੇ ਸਮੁੰਦਰ ਵਿੱਚ ਅਜਿਹੀਆਂ ਤਾਰੀਆਂ ਲਾਉਂਦਾ ਰਹਿੰਦਾ ਹੈ, ਜਿਸਦੀਆਂ ਲਹਿਰਾਂ ਸਾਹਿਤਕ ਖੇਤਰ ਵਿੱਚ ਜਵਾਰ ਭਾਟੇ ਵਰਗੀਆਂ ਛੱਲਾਂ ਪੈਦਾ ਕਰ ਦਿੰਦੀਆਂ ਹਨ। ਸਾਹਿਤਕ ਖੇਤਰ ਵਿੱਚ ਤਰਥੱਲੀ ਮੱਚ ਜਾਂਦੀ ਹੈ, ਹਲਚਲ ਪੈਦਾ ਹੋ ਜਾਂਦੀ ਹੈ। ਕਈ ਵਿਦਵਾਨ ਸਾਹਿਤਕਾਰ ਭਮੱਤਰ ਕੇ ਅਸਹਿਜ ਹੋ ਜਾਂਦੇ ਹਨ। ਉਸਦੀਆਂ ਲਿਖਤਾਂ ਨਾਲ ਅਖੌਤੀ ਸਾਹਿਤਕਾਰਾਂ ਦੀ ਨੀਂਦ ਉਡ ਜਾਂਦੀ ਹੈ। ਉਹ ਬਹੁਤ ਹੀ ਬੇਬਾਕੀ ਅਤੇ ਦਲੇਰੀ ਨਾਲ ਲਿਖਦਾ ਹੈ, ਜਿਸਦਾ ਕਈ ਵਾਰ ਤਿੱਖਾ ਵਿਅੰਗ ਅਖੌਤੀ ਸਾਹਿਤਕਾਰਾਂ/ਬੁੱਧੀਜੀਵੀਆਂ ਨੂੰ ਬਰਦਾਸ਼ਤ ਕਰਨਾ ਅਸੰਭਵ ਹੋ ਜਾਂਦਾ ਹੈ। ਉਸਦੀ ਸ਼ਬਦਾਂ ਦੀ ਚੋਣ ਵੀ ਸਮਾਂ, ਸਥਾਨ, ਸਥਿਤੀ ਅਤੇ ਵਾਕ ਦੀ ਬਣਤਰ ਵਿਸ਼ੇ ਅਨੁਸਾਰ ਢੁਕਵੀਂ ਹੁੰਦੀ ਹੈ। ਇਹ ਕੁਦਰਤੀ ਹੈ ਕਿ ਸਚਾਈ ਹਮੇਸ਼ਾ ਕੌੜੀ ਲੱਗਦੀ ਹੈ। ਉਹ ਹੱਕ ਸੱਚ ਦਾ ਪਹਿਰੇਦਾਰ ਬਣਕੇ ਵਿਚਰਦਾ ਹੈ। ਉਹ ਚਿਕਣੀਆਂ ਚੋਪੜੀਆਂ ਹੋਈਆਂ ਮਿੱਠੀਆਂ ਗੱਲਾਂ ਕਰਨ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਜਿਹੜੀਆਂ ਗ਼ਲਤ ਕਦਰਾਂ ਕੀਮਤਾਂ ਦੀ ਸਿੱਧੇ/ਅਸਿੱਧੇ ਢੰਗ ਨਾਲ ਸਪੋਰਟ ਕਰਦੀਆਂ ਹੋਣ। ਪੀ.ਐਚ.ਡੀ.ਦੇ ਥੀਸਜ਼ਾਂ ਵਿੱਚ ਨਕਲ ਦੀ ਪ੍ਰਵਿਰਤੀ ਦੇ ਉਸਨੇ ਤੱਥਾਂ ਨਾਲ ਪਰਦੇ ਫਾਸ਼ ਕੀਤੇ ਹਨ। ਇੱਥੋਂ ਤੱਕ ਕਿ ਉਮੀਦਵਾਰਾਂ ਦੇ ਗਾਈਡ ਪ੍ਰੋਫ਼ੈਸਰਾਂ ਨੂੰ ਵੀ ਵਾਹਣੇ ਪਾ ਦਿੰਦਾ ਹੈ। ਇਕੱਲੀ-ਇਕੱਲੀ ਲਾਈਨ, ਪੈਰਿਆਂ ਅਤੇ ਪੰਨਿਆਂ ਦੀ ਨਕਲ ਦੇ ਸਬੂਤ ਦਿੰਦਾ ਹੈ, ਸਬੂਤਾਂ ਤੋਂ ਬਿਨਾ ਗੱਲ ਨਹੀਂ ਕਰਦਾ। ਯਥਾਰਥਵਾਦੀ ਪਹੁੰਚ ਦਾ ਮਾਲਕ ਹੈ। ਉਹ ਸੱਚੋ-ਸੱਚ ਲਿਖਕੇ ਮੂੰਹ ਤੇ ਕਹਿਣ ਦੀ ਜ਼ੁਅਰਤ ਰੱਖਦਾ ਹੈ, ਪ੍ਰੰਤੂ ਕਈ ਵਾਰ ਭਾਵਨਾਵਾਂ ਦੇ ਵੇਗ ਵਿੱਚ ਵਹਿ ਕੇ ਲਕਸ਼ਮਣ ਰੇਖਾ ਵੀ ਪਾਰ ਕਰ ਜਾਂਦਾ ਹੈ। ਅਜਿਹੀਆਂ ਗੱਲਾਂ ਲਿਖਣ ਕਰਕੇ ਉਸਨੂੰ ਧਮਕੀਆਂ ਵੀ ਮਿਲੀਆਂ ਹਨ, ਪ੍ਰੰਤੂ ਉਹ ਡਰ ਭੈ ਤੋਂ ਕੋਹਾਂ ਦੂਰ ਹੈ। ਰਾਜਨੀਤਕ, ਸਾਹਿਤਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਖੇਤਰ ਵਿੱਚ ਆ ਰਹੀਆਂ ਗਿਰਾਵਟਾਂ ਉਸਦੇ ਲੇਖਾਂ ਦੇ ਮੁੱਖ ਵਿਸ਼ੇ ਹੁੰਦੇ ਹਨ। ਉਸਦੀ ਇੱਕ ਖ਼ੂਬੀ ਹੈ ਕਿ ਉਹ ਕਿਸੇ ਦੀ ਵੀ ਗ਼ਲਤੀ ਨੂੰ ਬਖ਼ਸ਼ਦਾ ਨਹੀਂ, ਭਾਵੇਂ ਕੋਈ ਕਿਤਨਾ ਵੱਡਾ ਵਿਅਕਤੀ ਹੋਵੇ। ਸਮਾਜਿਕ ਵਿਸੰਗਤੀਆਂ ਨੂੰ ਵੇਖਣ ਪਰਖਣ ਦੇ ਉਸਦੇ ਆਪਣੇ ਹੀ ਮਾਪ-ਦੰਡ ਹਨ, ਜਿਹੜਾ ਉਨ੍ਹਾਂ ਮਾਪ-ਦੰਡਾਂ 'ਤੇ ਖ਼ਰਾ ਨਹੀਂ ਉਤਰਦਾ, ਉਸਨੂੰ ਉਹ ਆੜੇ ਹੱਥੀਂ ਲੈਂਦਾ ਹੈ। ਉਹ ਸ਼ਬਦਾਵਲੀ ਵੀ ਥੋੜ੍ਹੀ ਸਖ਼ਤ ਤੇ ਚੁੱਭਵੀਂ ਵਰਤਦਾ ਹੈ, ਪ੍ਰੰਤੂ ਸਾਹਿਤਕ ਪਾਣ ਚਾੜ੍ਹਕੇ ਲਿਖਦਾ ਹੈ ਤਾਂ ਜੋ ਸਹਿਣਯੋਗ ਤਕਲੀਫ਼ ਹੋਵੇ। ਇਸ ਕਰਕੇ ਉਸ ਦੀਆਂ ਫੇਸ ਬੁੱਕ ਅਤੇ ਸ਼ੋਸ਼ਲ ਮੀਡੀਆ 'ਤੇ ਪਾਈਆਂ ਪੋਸਟਾਂ ਨੂੰ ਬੇਥਾਹ ਪਸੰਦ ਕੀਤਾ ਜਾਂਦਾ ਹੈ। ਫੇਸ ਬੁੱਕ 'ਤੇ ਉਸਦੇ ਕਾਲਮ 'ਬੁੱਧ ਬੋਲ', 'ਬੁੱਧ ਬਾਣ', 'ਤਾਇਆ ਬਿਸ਼ਨਾ', 'ਪਿਆਜ ਦੇ ਛਿਲਕੇ', 'ਇਲਤੀਨਾਮਾ', 'ਬੁੱਧ ਚਿੰਤਨ', 'ਬੁੱਕਲ ਦੇ ਸੱਪ', 'ਲੋਕਾਂ ਨੂੰ ਲੱਗੀਆਂ ਜੋਕਾਂ', ਆਦਿ ਬਹੁਤ ਹਰਮਨ ਪਿਆਰੇ ਹਨ। ਇਨ੍ਹਾਂ ਕਾਲਮਾਂ ਅਧੀਨ ਜਿਹੜੇ ਲੇਖ ਲਿਖਦਾ ਹੈ, ਉਨ੍ਹਾਂ ਲੇਖਾਂ ਦੇ ਸਿਰਲੇਖ ਵੀ ਪਾਠਕਾਂ ਨੂੰ ਟੁੰਬਦੇ ਹੋਏ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਪਾਠਕ ਉਸਦੇ ਇਨ੍ਹਾਂ ਕਾਲਮਾਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਉਸਦੀ ਇਹ ਵੀ ਕਮਾਲ ਹੈ ਕਿ ਹਰ ਰੋਜ਼ ਨਵੇਂ ਵਿਸ਼ੇ 'ਤੇ ਲਿਖਦਾ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਉਹ ਲਗਾਤਾਰ ਇਤਨਾ ਕਿਵੇਂ ਲਿਖ ਲੈਂਦਾ ਹੈ? ਕਈ ਵਾਰ ਉਸਦੇ ਸਾਹਿਤਕ ਤੁਣਕੇ ਦਾ ਤੀਰ ਇਤਨਾ ਤਿੱਖਾ ਹੁੰਦਾ ਹੈ ਕਿ ਉਸਦੇ ਜ਼ਖ਼ਮਾਂ ਦੀ ਚੀਸ ਸੰਬੰਧਤ ਲੋਕਾਂ ਨੂੰ ਤੜਪਾਉਂਦੀ ਰਹਿੰਦੀ ਹੈ। ਕੁਝ ਲੋਕ ਉਸਨੂੰ ਬਾਗ਼ੀ ਵੀ ਕਹਿੰਦੇ ਹਨ। ਅਸਲ ਵਿੱਚ ਹਾਲਾਤ ਹੀ ਅਜਿਹੇ ਹੁੰਦੇ ਹਨ, ਜਿਹੜੇ ਇਨਸਾਨ ਨੂੰ ਬਗ਼ਾਬਤ ਦੇ ਰਸਤੇ ਤੋਰ ਦਿੰਦੇ ਹਨ। ਅਜੋਕੇ ਸੂਚਨਾ ਦੇ ਯੁਗ ਵਿੱਚ ਲੋਕ ਸੂਚਨਾ ਨੂੰ ਹੀ ਗਿਆਨ ਸਮਝ ਬੈਠਦੇ ਹਨ, ਪ੍ਰੰਤੂ ਸੂਚਨਾ ਅਤੇ ਗਿਆਨ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਪੜ੍ਹਿਆ ਲਿਖਿਆ ਇਨਸਾਨ ਅੱਜ ਕਲ੍ਹ ਸੂਚਨਾ ਦੇਣ ਦਾ ਮਾਹਿਰ ਬਣ ਗਿਆ ਹੈ। ਲੋਕ ਸੂਚਨਾ ਦੇਣ ਵਾਲੇ ਨੂੰ ਹੀ ਪੜ੍ਹਿਆ ਲਿਖਿਆ ਸਮਝਦੇ ਹਨ। ਡਿਗਰੀਆਂ ਵਾਲੇ ਵਿਅਕਤੀਆਂ ਨੂੰ ਪੜ੍ਹਿਆ ਲਿਖਿਆ ਗਿਣਿਆਂ ਜਾਂਦਾ ਹੈ। ਜਦੋਂ ਕਿ ਇਹ ਜ਼ਰੂਰੀ ਨਹੀਂ ਕਿ ਹਰ ਪੜ੍ਹਿਆ ਲਿਖਿਆ ਵਿਅਕਤੀ ਗਿਆਨਵਾਨ ਹੋਵੇ, ਪ੍ਰੰਤੂ ਡਿਗਰੀਆਂ ਤੋਂ ਬਿਨਾ ਵਿਅਕਤੀ ਗਿਆਨਵਾਨ ਹੋ ਸਕਦਾ ਹੈ। ਬੁੱਧ ਸਿੰਘ ਨੀਲੋਂ ਜਿਹੜਾ ਬਹੁਤਾ ਪੜ੍ਹ ਲਿਖ ਨਹੀਂ ਸਕਿਆ, ਪ੍ਰੰਤੂ ਗਿਆਨਵਾਨ ਉਹ ਡਿਗਰੀਆਂ ਵਾਲਿਆਂ, ਇੱਥੋਂ ਤੱਕ ਕਿ ਪੀ.ਐਚ.ਡੀ.ਵਾਲਿਆਂ ਨਾਲੋਂ ਵੀ ਜ਼ਿਆਦਾ ਹੋ ਗਿਆ ਹੈ। ਉਹ ਬਹੁਤ ਹੀ ਵਿਦਵਤਾ ਭਰਪੂਰ ਗਿਆਨ ਵਾਲੀਆਂ ਰਚਨਾਵਾਂ ਲਿਖਦਾ ਹੈ, ਜਿਨ੍ਹਾਂ ਨੂੰ ਪੜ੍ਹਕੇ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੇ ਪ੍ਰਾ. ਅਧਿਆਪਕ ਨੇ ਲਿਖੀਆਂ ਹੋਣ। ਆਧੁਨਿਕ ਜ਼ਮਾਨੇ ਵਿੱਚ ਲੇਖਕਾਂ ਦਾ ਜਮਘਟਾ ਛਾਇਆ ਹੋਇਆ ਹੈ। ਬਹੁਤ ਸਾਰੇ ਕਥਿਤ ਵਿਦਵਾਨ ਸਾਹਿਤਕਾਰ ਧੜਾ-ਧੜ ਪੁਸਤਕਾਂ ਪ੍ਰਕਾਸ਼ਤ ਕਰਵਾ ਰਹੇ ਹਨ। ਬਹੁਤੀਆਂ ਪੁਸਤਕਾਂ ਕਵਿਤਾ ਦੀਆਂ ਪ੍ਰਕਾਸ਼ਤ ਹੋ ਰਹੀਆਂ ਹਨ। ਪੁਸਤਕਾਂ ਪ੍ਰਕਾਸ਼ਤ ਕਰਵਾਉਣਾ ਕੋਈ ਗ਼ਲਤ ਗੱਲ ਨਹੀਂ, ਸਗੋਂ ਸਾਹਿਤਕਾਰਾਂ ਨੂੰ ਸਾਰਥਿਕ ਸਾਹਿਤ ਪ੍ਰਕਾਸ਼ਤ ਕਰਵਾਉਣਾ ਚਾਹੀਦਾ ਹੈ, ਜਿਹੜਾ ਸਮਾਜ ਨੂੰ ਕੋਈ ਸੇਧ ਦੇ ਸਕੇ। ਆਮ ਤੌਰ 'ਤੇ ਰੁਮਾਂਟਿਕ ਸਾਹਿਤ ਰਚਿਆ ਜਾ ਰਿਹਾ ਹੈ, ਜਿਹੜਾ ਪੜ੍ਹਨ ਲਈ ਦਿਲਚਸਪ ਤੇ ਰਸਦਾਇਕ ਤਾਂ ਹੋ ਸਕਦਾ ਹੈ, ਪ੍ਰੰਤੂ ਉਸਦਾ ਆਮ ਲੋਕਾਂ ਨੂੰ ਬਹੁਤਾ ਲਾਭ ਨਹੀਂ ਹੁੰਦਾ, ਪੜ੍ਹਿਆ ਉਹ ਹੀ ਜ਼ਿਆਦਾ ਜਾਂਦਾ ਹੈ। ਹੁਣ ਕਿੱਸਿਆਂ ਦਾ ਯੁਗ ਖ਼ਤਮ ਹੋ ਗਿਆ ਹੈ। ਅਸਲ ਵਿੱਚ ਸਾਹਿਤ ਦਾ ਮੰਤਵ ਸਮਾਜ ਲਈ ਪ੍ਰੇਰਨਾਦਾਇਕ ਹੋਣਾ ਹੁੰਦਾ ਹੈ, ਪ੍ਰੰਤੂ ਅਜਿਹੇ ਸਾਹਿਤ ਵਿੱਚ ਦਿਲਚਸਪੀ ਪੈਦਾ ਕਰਨ ਲਈ ਰੁਮਾਂਸਵਾਦ ਦੀ ਪਾਣ ਚੜ੍ਹਾ ਦਿੱਤੀ ਜਾਂਦੀ ਹੈ। ਰੁਮਾਂਸਵਾਦ ਦੇ ਤੜਕੇ 'ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ, ਪ੍ਰੰਤੂ ਉਹ ਲੋਕਾਈ ਦੇ ਹਿੱਤਾਂ 'ਤੇ ਪਹਿਰਾ ਨਹੀਂ ਦਿੰਦਾ। ਬੁੱਧ ਸਿੰਘ ਨੀਲੋਂ ਰੁਮਾਂਟਿਕ ਸਾਹਿਤ ਨਹੀਂ ਲਿਖਦਾ, ਪ੍ਰੰਤੂ ਉਸਦਾ ਲਿਖਿਆ ਸਮਾਜ ਦੀਆਂ ਵਿਸੰਗਤੀਆਂ ਦਾ ਪਰਦਾ ਫਾਸ਼ ਕਰਨ ਵਾਲਾ ਹੁੰਦਾ ਹੈ। ਸਮਾਜ ਵਿੱਚ ਇਸ ਆਧੁਨਿਕਤਾ ਦੇ ਦੌਰ ਵਿੱਚ ਬਹੁਤ ਕੁਝ ਅਜਿਹਾ ਲਿਖਿਆ ਜਾ ਰਿਹਾ ਹੈ, ਜਿਸਦਾ ਸਮਾਜਿਕ ਤਾਣੇ-ਬਾਣੇ ਦੀ ਬਿਹਤਰੀ ਨਾਲ ਸੰਬੰਧ ਨਹੀਂ ਹੁੰਦਾ, ਸਗੋਂ ਦਿਲਚਸਪੀ ਪੈਦਾ ਕਰਨ ਲਈ ਕਈ ਕਾਲਪਨਿਕ ਘਟਨਾਵਾਂ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਬੁੱਧ ਸਿੰਘ ਨੀਲੋਂ ਹਰ ਰੋਜ਼ ਲਗਾਤਾਰ ਕਿਸੇ ਨਾ ਕਿਸੇ ਨਵੇਂ ਸਮਾਜਿਕ ਸਰੋਕਾਰਾਂ ਵਾਲੇ ਵਿਸ਼ੇ ਬਾਰੇ ਆਪਣੇ ਸਾਰਥਿਕ ਵਿਚਾਰ ਲਿਖਕੇ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਹ ਗ਼ਰੀਬ ਲਿਖਾਰੀ ਹੈ, ਇਸ ਕਰਕੇ ਪੁਸਤਕਾਂ ਨਹੀਂ ਛਪਵਾ ਸਕਿਆ, ਕਿਉਂਕਿ ਆਪਣੇ ਕੋਲੋਂ ਪੈਸੇ ਖ਼ਰਚਕੇ ਪੁਸਤਕ ਪ੍ਰਕਾਸ਼ਤ ਕਰਵਾਉਣੀ ਉਸਦੇ ਵਸ ਦੀ ਗੱਲ ਨਹੀਂ। ਉਸਨੂੰ ਤਾਂ ਪਰਿਵਾਰ ਪਾਲਣ ਦੇ ਲਾਲੇ ਪਏ ਹੋਏ ਹਨ। ਹੈਰਾਨੀ ਇਸ ਗੱਲ ਦੀ ਹੈ, ਅਜਿਹੇ ਹਾਲਾਤ ਵਿੱਚ ਵੀ ਉਹ ਲਿਖੀ ਜਾ ਰਿਹਾ ਹੈ। ਲਿਖਣਾ ਉਸ ਲਈ ਇੱਕ ਨਸ਼ਾ ਹੈ। ਬੁੱਧ ਸਿੰਘ ਨੀਲੋਂ ਫੋਰ-ਇਨ-ਵਨ ਹੈ। ਉਹ ਪੱਤਰਕਾਰ, ਕਾਲਮ ਨਵੀਸ, ਅਨੁਵਾਦਕ ਅਤੇ ਸਾਹਿਤਕਾਰ ਹੈ। ਉਸਦੀ ਸੰਪਾਦਤ ਕੀਤੀ ਪੁਸਤਕ 'ਕਲਾਮ ਬਾਬੂ ਰਜਬ ਅਲੀ' 2009 ਵਿੱਚ ਪ੍ਰਕਾਸ਼ਤ ਹੋਈ ਸੀ, ਜਿਸ ਦੀਆਂ ਹੁਣ ਤੱਕ ਪੰਜ ਐਡੀਸ਼ਨਾ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸਨੇ ਸੱਤ ਪੁਸਤਕਾਂ ਅਨੁਵਾਦ ਵੀ ਕੀਤੀਆਂ ਹਨ। ਉਸਦੀ ਇੱਕ ਪੁਸਤਕ 'ਪੰਜਾਬੀ ਸਾਹਿਤ ਦਾ ਮਾਫ਼ੀਆ' ਜਲਦੀ ਹੀ ਪ੍ਰਕਾਸ਼ਤ ਹੋ ਰਹੀ ਹੈ, ਜਿਸਦੀ ਬੇਸਬਰੀ ਨਾਲ ਉਡੀਕ ਹੋ ਰਹੀ ਹੈ। ਇਸ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਅਖੌਤੀ ਵਿਦਵਾਨਾ/ਸਾਹਿਤਕਾਰਾਂ/ਬੁੱਧੀਜੀਵਆਂ ਨੂੰ ਲੈਣੇ ਦੇ ਦੇਣੇ ਪੈ ਜਾਣੇ ਹਨ, ਕਿਉਂਕਿ ਨਕਲ ਨਾਲ ਲਈਆਂ ਪੀ.ਐਚ.ਡੀ.ਦੀਆਂ ਡਿਗਰੀਆਂ ਚਰਚਾ ਦਾ ਵਿਸ਼ਾ ਬਣਨਗੀਆਂ। ਬੁੱਧ ਸਿੰਘ ਨੀਲੋਂ ਪਰਿਵਾਰ ਦੇ ਗੁਜ਼ਾਰੇ ਲਈ ਪੰਜਾਬੀ ਦੇ ਅਖ਼ਬਾਰਾਂ ਦੇ ਸੰਪਾਦਕੀ ਮੰਡਲਾਂ ਵਿੱਚ ਕੰਮ ਕਰਦਾ ਰਿਹਾ ਹੈ। ਇਸ ਸਮੇਂ ਉਹ 'ਪ੍ਰਾਈਮ ਉਦੈ' ਅਖ਼ਬਾਰ ਦਾ ਸੰਪਾਦਕ ਹੈ। ਉਸਦਾ ਬਲਜੀਤ ਕੌਰ ਨਾਲ ਵਿਆਹ ਹੋਇਆ ਹੈ ਤੇ ਉਸਦਾ ਇੱਕ ਲੜਕਾ ਗੌਰਵਦੀਪ ਸਿੰਘ ਹੈ। ਉਸਦਾ ਜੱਦੀ ਪਿੰਡ ਨੀਲੋਂ ਜਿਲ੍ਹਾ ਲੁਧਿਆਣਾ ਵਿੱਚ ਹੈ। ਇਸ ਸਮੇਂ ਉਹ ਸਾਹਨੇਵਾਲ ਰਹਿ ਰਿਹਾ ਹੈ।



ਬੁੱਧ ਸਿੰਘ ਨੀਲੋਂ

# ਅੰਡਰ-19 ਕ੍ਰਿਕਟ ਵਿਸ਼ਵ ਕੱਪ ਵਿੱਚ ਚਮਕਿਆ ਹਰਿਆਣਾ ਦਾ ਕਨਿਸ਼ਕ ਚੌਹਾਨ



ਲੇਖਕ : ਜਗਤਾਰ ਸਮਾਲਸਰ,
ਏਲਨਾਬਾਦ,ਸਿਰਸਾ ਹਰਿਆਣਾ
ਸੰਪਰਕ ਨੰਬਰ 94670 95953

ਮੂਲ ਰੂਪ ਵਿੱਚ ਹਰਿਆਣਾ ਦੇ ਝੱਜਰ ਜ਼ਿਲੇ ਦੇ ਕੁਲਾਣਾ ਪਿੰਡ ਦੇ ਰਹਿਣ ਵਾਲੇ ਅਤੇ ਹੁਣ ਸਿਰਸਾ ਵਿਖੇ ਰਹਿ ਰਹੇ ਕ੍ਰਿਕੇਟ ਖਿਡਾਰੀ ਕਨਿਸ਼ਕ ਚੌਹਾਨ ਨੇ ਅੰਡਰ-19 ਕ੍ਰਿਕਟ ਵਿਸ਼ਵ ਕੱਪ ਮੈਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਚੋਣਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਅੰਡਰ-19 ਕ੍ਰਿਕਟ ਵਿਸ਼ਵ ਕੱਪ ਦੌਰਾਨ ਪਾਕਿਸਤਾਨ ਖਿਲਾਫ ਖੇਡੇ ਗਏ ਮੈਚ ਵਿੱਚ ਉਸਨੇ ਮੈਨ ਆਫ ਦਿ ਮੈਚ ਦਾ ਪੁਰਸਕਾਰ ਜਿੱਤਿਆ। ਇਸ ਮੈਚ ਵਿੱਚ ਕਨਿਸ਼ਕ ਨੇ 29 ਗੇਂਦਾਂ ਵਿੱਚ 35 ਦੌੜਾਂ ਬਣਾਈਆਂ ਅਤੇ ਪਾਕਿਸਤਾਨ ਵਿਰੁੱਧ ਇੱਕ ਵਿਕਟ ਲਈ। ਕਨਿਸ਼ਕ ਚੌਹਾਨ ਨੇ ਲਗਾਤਾਰ ਦੂਜੀ ਵਾਰ ਪਾਕਿਸਤਾਨ ਵਿਰੁੱਧ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾਂ ਕਨਿਸ਼ਕ ਚੌਹਾਨ ਨੇ ਦੁਬਈ ਵਿੱਚ ਪਾਕਿਸਤਾਨ ਵਿਰੁੱਧ ਏਸ਼ੀਆ ਕੱਪ ਮੈਚ ਵਿੱਚ ਮੈਨ ਆਫ ਦਿ ਮੈਚ ਦਾ ਪੁਰਸਕਾਰ ਵੀ ਜਿੱਤਿਆ ਸੀ। ਉਸ ਮੈਚ ਦੌਰਾਨ ਕਨਿਸ਼ਕ ਚੌਹਾਨ ਨੇ 48 ਦੌੜਾਂ ਬਣਾਈਆਂ ਅਤੇ 3 ਵਿਕਟਾਂ ਲਈਆਂ ਸਨ।




ਕਨਿਸ਼ਕ ਚੌਹਾਨ ਇੱਕ ਆਲਰਾਊਂਡਰ ਖਿਡਾਰੀ ਹੈ। ਇਸ ਵਾਰ ਉਹ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਲਈ ਖੇਡੇਗਾ। ਆਰਸੀਬੀ ਨੇ ਕਨਿਸ਼ਕ ਨੂੰ 30 ਲੱਖ ਰੁਪਏ ਦੇ ਬੇਸ ਪ੍ਰਾਈਸ ਤੇ ਟੀਮ ਵਿੱਚ ਸ਼ਾਮਲ ਕੀਤਾ ਹੈ।

ਕਨਿਸ਼ਕ ਦੇ ਪਿਤਾ ਪਰਦੀਪ ਕੁਮਾਰ ਇੱਕ ਕਿਸਾਨ ਹਨ ਅਤੇ ਉਸਦੀ ਮਾਂ ਸਰਿਤਾ ਇੱਕ ਘਰੇਲੂ ਔਰਤ ਹੈ। ਕਨਿਸ਼ਕ ਦਾ ਜਨਮ 26 ਸਤੰਬਰ, 2006 ਨੂੰ ਹੋਇਆ। ਉਹ ਪਰਿਵਾਰ ਦਾ ਇਕਲੌਤਾ ਪੁੱਤ ਹੈ। ਕਨਿਸ਼ਕ ਨੇ ਛੋਟੀ ਉਮਰ ਤੋਂ ਹੀ ਕ੍ਰਿਕਟ ਖੇਡਣੀ ਸ਼ੁਰੂ ਕੀਤੀ। ਉਹ 4 ਸਾਲ ਦੀ ਉਮਰ ਵਿੱਚ ਗਾਜ਼ੀਆਬਾਦ ਵਿੱਚ ਇੱਕ ਅਕੈਡਮੀ ਵਿੱਚ ਸ਼ਾਮਲ ਹੋਇਆ।

ਕਨਿਸ਼ਕ 8 ਸਾਲ ਦੀ ਉਮਰ ਵਿੱਚ ਸਿਰਸਾ ਵਿੱਚ ਇੱਕ ਟ੍ਰਾਇਲ ਲਈ ਆਇਆ ਸੀ। ਡੇਰਾ ਸੱਚਾ ਸੌਦਾ ਸਿਰਸਾ ਦੀਆਂ ਸਹੂਲਤਾਂ ਸ਼ਾਨਦਾਰ ਸਨ ਇਸ ਲਈ ਉਸਨੇ ਇੱਥੇ ਨਿਯਮਤ ਕੋਚਿੰਗ ਸ਼ੁਰੂ ਕੀਤੀ। 2014 ਵਿੱਚ ਪਰਿਵਾਰ ਆਪਣੇ ਪੁੱਤ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਝੱਜਰ ਤੋਂ ਸਿਰਸਾ ਆ ਗਿਆ।

ਫਿਰ ਕਨਿਸ਼ਕ ਨੇ ਡੇਰਾ ਸੱਚਾ ਸੌਦਾ ਦੇ ਸ਼ਾਹ ਸਤਨਾਮ ਜੀ ਸਟੇਡੀਅਮ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ। ਲਗਭਗ 14-15 ਸਾਲਾਂ ਦੀ ਸਿਖਲਾਈ ਤੋਂ ਬਾਅਦ ਕਨਿਸ਼ਕ ਨੂੰ 2024 ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੌਕਾ ਮਿਲਿਆ ਜਦੋਂ ਉਸਨੂੰ ਅੰਡਰ-19 ਟੀਮ ਲਈ ਚੁਣਿਆ ਗਿਆ। ਉਸਨੇ ਆਪਣਾ ਪਹਿਲਾ ਮੈਚ ਇੰਗਲੈਂਡ ਦੀ ਟੀਮ ਵਿਰੁੱਧ ਖੇਡਿਆ। ਕਨਿਸ਼ਕ ਨੇ ਇੰਗਲੈਂਡ ਵਿੱਚ ਪੰਜ ਇੱਕ ਰੋਜ਼ਾ ਮੈਚ ਖੇਡੇ। ਇਸ ਦੌਰਾਨ ਉਸਨੇ ਅੱਠ ਵਿਕਟਾਂ ਲਈਆਂ ਅਤੇ 114 ਦੌੜਾਂ ਬਣਾਈਆਂ। ਇਸ ਪ੍ਰਦਰਸ਼ਨ ਕਾਰਨ ਕਨਿਸ਼ਕ ਨੂੰ ਸੀਰੀਜ਼ ਦਾ ਸਰਵੋਤਮ ਆਲ-ਰਾਊਂਡਰ ਦੇ ਇਨਾਮ ਨਾਲ ਨਵਾਜ਼ਿਆ ਗਿਆ।

ਇੰਗਲੈਂਡ ਦੇ ਆਪਣੇ ਪਹਿਲੇ ਦੌਰੇ ਤੇ ਉਸਦੇ ਪ੍ਰਦਰਸ਼ਨ ਦੇ ਆਧਾਰ ਤੇ ਕਨਿਸ਼ਕ ਨੂੰ ਆਸਟ੍ਰੇਲੀਆ ਦੌਰੇ ਲਈ ਚੁਣਿਆ ਗਿਆ ਸੀ। ਫਿਰ ਉਹ ਚੈਲੇਂਜਰ ਟਰਾਫੀ ਅਤੇ ਅਫਗਾਨਿਸਤਾਨ ਵਿਰੁੱਧ ਖੇਡਿਆ। ਉੱਥੇ ਉਸਦੇ ਪ੍ਰਦਰਸ਼ਨ ਦੇ ਆਧਾਰ ਤੇ ਉਸਨੂੰ ਅੰਡਰ-19 ਏਸ਼ੀਆ ਕੱਪ ਲਈ ਟੀਮ ਵਿੱਚ ਸ਼ਾਮਲ ਕੀਤਾ ਗਿਆ।

# ਬਹੁਤੇ ਲੋਕਾਂ ਨੂੰ ਤਾਂ 26 ਜਨਵਰੀ ਅਤੇ 15 ਅਗਸਤ ਦੇ ਫਰਕ ਦਾ ਹੀ ਨਹੀਂ ਪਤਾ



ਬਹਾਦੁਰ ਸਿੰਘ ਰਾਓ
ਸਾਬਕਾ ਡਿਪਟੀ ਸੁਪਰਡੈਂਟ ਪੰਜਾਬ ਪੁਲਿਸ

26 ਜਨਵਰੀ ਦਾ ਦਿਨ ਭਾਵੇਂ ਲੰਘ ਗਿਆ ਹੈ ਪਰ ਮੈਂ ਸੋਚ ਰਿਹਾ ਹਾਂ ਕਿ ਮੈਂ ਵੀ ਚਾਰ ਅੱਖਰ ਝਰੀਟ ਦਿਆਂ 26 ਜਨਵਰੀ ਦੇ ਦਿਨ ਬਾਰੇ। ਬਹੁਤੇ ਲੋਕਾਂ ਨੂੰ ਤਾਂ 26 ਜਨਵਰੀ ਅਤੇ 15 ਅਗਸਤ ਦੇ ਫਰਕ ਦਾ ਹੀ ਨਹੀਂ ਪਤਾ ਜਿਹਨਾਂ 'ਚ ਕਈ ਰਾਜਨੀਤਿਕ ਨੇਤਾ ਵੀ ਸ਼ਾਮਿਲ ਹੋਣਗੇ। ਮੈਨੂੰ ਵੀ ਪਿਛਲੇ ਸਮਿਆਂ ਵਿੱਚ 26 ਜਨਵਰੀ ਵਾਲੇ ਦਿਨ ਆਜ਼ਾਦੀ ਦਿਵਸ ਦੀਆਂ ਵਧਾਈਆਂ ਅਤੇ 15 ਅਗਸਤ ਵਾਲੇ ਦਿਨ ਗਣਤੰਤਰ ਦਿਵਸ ਦੀਆਂ ਵਧਾਈਆਂ ਕਈ ਵਾਰ ਮਿਲ ਚੁੱਕੀਆਂ ਹਨ। ਮੇਰੇ ਯਾਦ ਆਉਂਦਾ ਹੈ ਕਿ 26 ਜਨਵਰੀ 2001 ਨੂੰ ਮੈਂ ਨਵਾਂ ਨਵਾਂ ਵੱਡਾ ਥਾਣੇਦਾਰ ਬਣ ਕੇ ਮੁੱਖ ਅਫਸਰ ਵਾਲੀ ਪਹਿਲੀ ਕੁਰਸੀ ਤੇ ਥਾਣਾ ਸਿਟੀ ਅਹਿਮਦਗੜ੍ਹ ਬੈਠਾ ਸੀ। ਓਥੇ ਸਿਟੀ ਕੇਬਲ ਵਾਲੇ ਮਾਈਕ ਅਤੇ ਕੈਮਰਾ ਲੈ ਕੇ ਆ ਗਏ ਤੇ ਕਹਿੰਦੇ ਗਣਤੰਤਰ ਦਿਵਸ ਤੇ ਸ਼ਹਿਰ ਨਿਵਾਸੀਆਂ ਲਈ ਤੁਹਾਡਾ ਸੰਦੇਸ਼ ਰਿਕਾਰਡ ਕਰਨਾ ਹੈ। ਮੈਂ ਉਹਨਾਂ ਨੂੰ ਇਹ ਕਹਿ ਕੇ ਟਾਲਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਮੈਂ ਅਜਿਹਾ ਸੰਦੇਸ਼ ਕਦੇ ਨਹੀਂ ਦਿਤਾ ਪਰ ਉਹ ਜਿੱਦ ਕਰਦੇ ਰਹੇ ਤੇ ਨਾਲ ਇਹ ਵੀ ਦੱਸਿਆ ਕਿ ਅਸੀਂ ਪਹਿਲਾਂ ਸ਼ਹਿਰ ਦੇ ਕਿਸ ਕਿਸ ਪਤਵੰਤੇ ਦੇ ਸੰਦੇਸ਼ ਰਿਕਾਰਡ ਕਰ ਚੁੱਕੇ ਹਾਂ। ਅਖੀਰ ਉਹਨਾਂ ਨੇ ਇੱਕ ਪਰਚੀ ਤੇ ਕੁੱਝ ਲਿਖਿਆ ਤੇ ਮੇਰੇ ਅੱਗੇ ਰੱਖ ਕੇ ਕਿਹਾ ਕਿ ਇਸਨੂੰ ਪੜ੍ਹ ਦਿਓ। ਮੈਂ ਕਿਹਾ ਕਿ ਪਰਚੀ ਚੁੱਕ ਲਓ ਤੇ ਕੈਮਰਾ ਚਾਲੂ ਕਰੋ। ਉਹਨਾਂ ਨੇ ਕੈਮਰਾ ਚਾਲੂ ਕਰ ਦਿੱਤਾ ਤੇ



ਮੈਂ ਗਣਤੰਤਰ ਦਿਵਸ ਅਤੇ ਆਜ਼ਾਦੀ ਦਿਵਸ ਦਾ ਮਤਲਬ ਤੇ ਫਰਕ ਦੱਸਣ ਲੱਗਾ। ਮੈਂ ਦੱਸਿਆ ਕਿ ਭਾਵੇਂ ਸਾਡਾ ਦੇਸ਼ 15 ਅਗਸਤ 1947 ਨੂੰ ਆਜ਼ਾਦ ਹੋ ਗਿਆ ਸੀ ਪਰ ਦੇਸ਼ ਦਾ ਪ੍ਰਸ਼ਾਸਨਿਕ ਢਾਂਚਾ ਕਿਵੇਂ ਚੱਲੇਗਾ ਇਹ ਤੈਅ ਨਹੀਂ ਸੀ ਹੋਇਆ। ਸੋ ਸੰਵਿਧਾਨ ਤਿਆਰ ਕਰਨ ਲਈ ਕਮੇਟੀ ਬਣਾਈ ਗਈ ਜਿਸ ਦੇ ਮੁਖੀ ਡਾਕਟਰ ਭੀਮ ਰਾਓ ਅੰਬੇਦਕਰ ਸਨ। ਉਸ ਕਮੇਟੀ ਦੁਆਰਾ ਤਿਆਰ ਕੀਤਾ ਹੋਇਆ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ ਜਿਸ ਅਨੁਸਾਰ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਬਣਿਆ। ਉਸ ਸੰਵਿਧਾਨ ਵਿੱਚ ਨਾਗਰਿਕਾਂ ਲਈ ਮੌਲਿਕ ਅਧਿਕਾਰ ਅਤੇ ਮੌਲਿਕ ਕਰਤੱਵ ਵੀ ਦਰਜ ਹਨ। ਪੜ੍ਹੇ ਲਿਖੇ ਲੋਕਾਂ ਵਿੱਚੋਂ ਬਹੁਤਿਆਂ ਨੂੰ ਆਪਣੇ ਅਧਿਕਾਰਾਂ ਦਾ ਤਾਂ ਪਤਾ ਹੈ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਵੱਖ ਵੱਖ ਤਰੀਕਿਆਂ ਨਾਲ ਸੰਘਰਸ਼ ਵੀ ਕਰਦੇ ਨੇ ਪਰ ਬਹੁਤ ਥੋੜ੍ਹੇ ਨੇ ਜਿਹਨਾਂ ਨੂੰ ਆਪਣੇ ਕਰਤੱਵ ਵੀ ਪਤਾ ਹੋਣਗੇ। ਦੇਸ਼ ਦੇ ਸਾਰੇ ਕਾਨੂੰਨ ਸੰਵਿਧਾਨ ਦੀ ਭਾਵਨਾ ਦੇ ਅਧੀਨ ਹੀ ਬਣੇ ਅਤੇ ਬਣ ਰਹੇ ਨੇ ਜਿਨ੍ਹਾਂ ਦੀ ਪਾਲਣਾਂ ਕਰਨਾ ਸਾਡਾ ਕਰਤੱਵ ਹੈ। ਮੈਂ ਉਸ ਸੰਦੇਸ਼ ਵਿੱਚ ਇੱਕ ਉਦਾਹਰਣ ਵੀ ਦਿੱਤੀ ਸੀ ਕਿ ਜੇਕਰ ਤੁਸੀਂ ਬਾਜਾਰ ਵਿੱਚ ਸਕੂਟਰ ਤੇ ਜਾ ਰਹੇ ਹੋ ਤੇ ਕਿਸੇ ਦੁਕਾਨ ਤੇ ਰੁਕਣਾ ਹੈ ਤਾਂ ਤੁਹਾਡਾ ਫਰਜ ਬਣਦਾ ਹੈ ਕਿ ਸਕੂਟਰ ਅਜਿਹੀ ਥਾਂ ਖੜ੍ਹਾ ਕਰੋ ਜਿੱਥੇ ਹੋਰ ਲੋਕਾਂ ਨੂੰ ਘੱਟ ਤੋਂ ਘੱਟ ਦਿੱਕਤ ਹੋਵੇ। ਇਹ ਨਹੀਂ ਕਿ ਜਿੱਥੇ ਬਰੇਕ ਲਾਏ ਓਥੇ ਹੀ ਸਟੈਂਡ ਲਾ ਕੇ ਦੁਕਾਨ ਵਿੱਚ ਵੜ੍ਹ ਜਾਵੋ ਤੇ ਤੁਹਾਡਾ ਸਕੂਟਰ ਟ੍ਰੈਫਿਕ ਜਾਮ ਦਾ ਕਾਰਣ ਬਣ ਜਾਵੇ। ਕੈਮਰਾ ਬੰਦ ਕਰਕੇ ਸਿਟੀ ਕੇਬਲ ਵਾਲੇ ਕਹਿੰਦੇ ਤੁਸੀਂ ਤਾਂ ਕਮਾਲ ਕਰ ਦਿੱਤੀ। ਤੁਹਾਡੇ ਜਿੰਨਾ ਵਧੀਆ ਤਾਂ ਕੋਈ ਬੋਲਿਆ ਹੀ ਨਹੀਂ। ਸੋ ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਅੱਜ ਵੀ ਸਾਨੂੰ ਆਪਣੇ ਕਰਤੱਵ ਪਛਾਣਨੇ ਚਾਹੀਦੇ ਹਨ। ਜਿਹੜਾ ਸੰਵਿਧਾਨ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਕਰਕੇ ਸਾਨੂੰ ਪ੍ਰਾਪਤ ਹੋਇਆ ਉਸ ਨੇ ਸਾਨੂੰ ਜੋ ਧਾਰਮਿਕ ਆਜ਼ਾਦੀ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਬਰਾਬਰੀ ਵਰਗੇ ਅਧਿਕਾਰ ਦਿੱਤੇ ਹਨ ਕੀ ਉਹ ਸੁਰੱਖਿਅਤ ਹਨ? ਇਹ ਸੋਚਣਾ ਸਾਡਾ ਫਰਜ ਬਣਦਾ ਹੈ। ਸਿਰਫ ਸੋਚਣਾ ਹੀ ਨਹੀਂ ਆਪਣੇ ਇਹਨਾਂ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣਾ ਵੀ ਸਾਡਾ ਫਰਜ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਸੋਚ ਸਮਝ ਕੇ ਬਿਨਾਂ ਕਿਸੇ ਲਾਲਚ ਦੇ ਸਹੀ ਅਤੇ ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਸਥਾਨਕ ਸਰਕਾਰਾਂ, ਅਸੈਂਬਲੀ ਜਾਂ ਲੋਕਸਭਾ ਵਿੱਚ ਭੇਜਾਂਗੇ ਤਾਂ ਜੋ ਸਾਡੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਕਰਦਿਆਂ ਨਿਆਂ ਪਾਲਕਾ ਵੱਲੋਂ ਪਾਸ ਕੀਤੇ ਹੁਕਮਾਂ ਨੂੰ ਬਹੁਮੱਤ ਦੇ ਜੋਰ ਨਾਲ ਬਦਲ ਕੇ ਆਪਣੇ ਜਾਂ ਆਪਣੀ ਪਾਰਟੀ ਦੇ ਸੌੜੇ ਅਤੇ ਘਟੀਆ ਹਿਤਾਂ ਦੇ ਪੱਖ ਵਿੱਚ ਨਾ ਕਰ ਲੈਣ। ਵਰਨਾ ਅਨਪੜ੍ਹ ਅਤੇ ਅਪਰਾਧੀ ਪਿਛੋਕੜ ਵਾਲੇ ਨੇਤਾ ਸੰਵਿਧਾਨ ਦੇ ਉਦੇਸ਼ਾਂ ਨੂੰ ਕਮਜੋਰ ਕਰਕੇ ਸਾਡੇ ਮੌਲਿਕ ਅਧਿਕਾਰਾਂ ਨੂੰ ਕਮਜੋਰ ਕਰਦੇ ਕਰਦੇ ਇੱਕ ਦਿਨ ਖਤਮ ਕਰ ਦੇਣਗੇ। ਅਜਿਹੇ ਲੋਕਾਂ ਦੇ ਹੱਥ ਆਇਆ ਸਰਕਾਰੀ ਤੰਤਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਮੀਡੀਆ ਇਹਨਾਂ ਦੇ ਵਿਰੋਧੀ ਰਾਜਨੀਤਕ, ਧਾਰਮਿਕ ਸੰਗਠਨਾਂ ਤੇ ਘੱਟ ਗਿਣਤੀਆਂ ਨੂੰ ਦਬਾਉਣ ਜਾਂ ਆਪਣੀ ਲੱਤ ਹੇਠ ਕਰਨ ਦੀਆਂ ਕੋਝੀਆਂ ਚਾਲਾਂ ਜਾਰੀ ਰੱਖਣ ਲਈ ਵਰਤਿਆ ਜਾਂਦਾ ਰਹੇਗਾ। ਸਾਡੇ ਘਰ ਤੋਂ ਸਿਰਫ਼ ਬਾਹਰ ਵਿਚਰਦਿਆਂ ਹੀ ਸਾਡੇ ਤੇ ਕਾਨੂੰਨ ਲਾਗੂ ਨਹੀਂ ਹੁੰਦੇ ਸਗੋਂ ਘਰ ਦੇ ਅੰਦਰ ਰਹਿੰਦਿਆਂ ਵੀ ਹੁੰਦੇ ਨੇ। ਪਰ ਸਾਡਾ ਫਰਜ ਬਣਦਾ ਹੈ ਕਿ ਘੱਟੋ ਘੱਟ ਆਪਣੇ ਘਰ ਦੀ ਦੇਹਲੀ ਤੋਂ ਬਾਹਰ ਜਾ ਕੇ ਅਸੀਂ ਉਸ ਧਰਤੀ ਦੇ ਕਾਨੂੰਨਾਂ ਦੀ ਪਾਲਣਾ ਕਰੀਏ ਜਿਸ ਤੇ ਅਸੀਂ ਰਹਿੰਦੇ ਹਾਂ। ਇਸ ਨਾਲ ਸਾਡੀ ਅਤੇ ਹੋਰਨਾਂ ਦੀ ਜਿੰਦਗੀ ਸ਼ਾਂਤ ਅਤੇ ਸੁਰੱਖਿਅਤ ਰਹੇਗੀ ਤੇ ਅਸੀਂ 26 ਜਨਵਰੀ ਦੇ ਦਿਨ ਤਿਰੰਗੇ ਨੂੰ ਸਲੂਟ ਕਰਨ ਦੇ ਹੱਕਦਾਰ ਹੋਵਾਂਗੇ।

# ਰੰਗਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ, ਦ੍ਰਿਸ਼ ਕਲਾ ਦੇ ਸੰਦਰਭ ਵਿੱਚ



ਗੁਰਪ੍ਰੀਤ ਆਰਟਿਸਟ ਬਠਿੰਡਾ

ਰੰਗ ਦ੍ਰਿਸ਼ ਕਲਾ ਦਾ ਇੱਕ ਸਭ ਤੋਂ ਪ੍ਰਭਾਵਸ਼ਾਲੀ ਤੱਤ ਹੈ, ਜੋ ਮਨੁੱਖੀ ਅਨੁਭੂਤੀ, ਭਾਵਨਾਵਾਂ, ਮਨੋਵਿਗਿਆਨ ਅਤੇ ਸੰਸਕ੍ਰਿਤਿਕ ਅਰਥਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਹ ਲੇਖ ਰੰਗਾਂ ਦੀ ਮਨੋਵਿਗਿਆਨਕ ਸਮਝ ਨੂੰ ਦ੍ਰਿਸ਼ਯ ਕਲਾ ਦੇ ਪ੍ਰਯੋਗ ਨਾਲ ਜੋੜ ਕੇ ਵਿਸ਼ਲੇਸ਼ਿਤ ਕਰਦਾ ਹੈ। ਰੰਗ ਮਨੁੱਖੀ ਵਿਵਹਾਰ ਅਤੇ ਸੰਵੇਦਨਾਵਾਂ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਕਲਾਕਾਰਾਂ ਲਈ ਗ਼ੈਰ ਮੌਖਿਕ(non-verbal) ਭਾਸ਼ਾ ਵਜੋਂ ਕੰਮ ਕਰਦੇ ਹਨ। ਇਹ ਅਧਿਐਨ ਦਰਸਾਉਂਦਾ ਹੈ ਕਿ ਰੰਗ ਕਲਾ ਵਿੱਚ ਕੇਵਲ ਸੁੰਦਰਤਾ ਲਈ ਨਹੀਂ, ਸਗੋਂ ਅਰਥ, ਸੰਵੇਦਨਾ ਅਤੇ ਸਮਾਜਿਕ ਸੰਦੇਸ਼ ਪ੍ਰਸਤੁਤ ਕਰਨ ਲਈ ਵਰਤੇ ਜਾਂਦੇ ਹਨ। ਰੰਗ ਮਨੋਵਿਗਿਆਨ ਅਤੇ ਕਲਾ ਦੋਵਾਂ ਖੇਤਰਾਂ ਵਿੱਚ ਕੇਂਦਰੀ ਮਹੱਤਤਾ ਰੱਖਦੇ ਹਨ। ਮਨੋਵਿਗਿਆਨ ਰੰਗਾਂ ਨੂੰ ਉਤਤੇਜਕ ਤੱਤ ਵਜੋਂ ਵੇਖਦਾ ਹੈ, ਜੋ ਮਨੁੱਖੀ ਭਾਵਨਾਵਾਂ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ, ਜਦਕਿ ਦ੍ਰਿਸ਼ ਕਲਾ ਰੰਗਾਂ ਨੂੰ ਅਭਿਵਿਅਕਤੀ ਅਤੇ ਪ੍ਰਤੀਕਾਤਮਕ ਅਰਥਾਂ ਦਾ ਸਾਧਨ ਬਣਾਉਂਦੀ ਹੈ। ਗੋਇਥੇ, ਕਾਂਦਿੰਸਕੀ ਅਤੇ ਆਧੁਨਿਕ ਮਨੋਵਿਗਿਆਨਕ ਵਿਦਵਾਨਾਂ ਅਨੁਸਾਰ ਰੰਗ ਨਿਰਪੱਖ ਨਹੀਂ ਹੁੰਦੇ, ਸਗੋਂ ਉਹ ਅੰਦਰੂਨੀ ਅਤੇ ਆਧਿਆਤਮਿਕ ਅਨੁਭਵਾਂ ਨਾਲ ਸੰਬੰਧਿਤ ਹੁੰਦੇ ਹਨ। ਇਹ ਲੇਖ ਰੰਗਾਂ ਦੀ ਵੱਖ-ਵੱਖ ਮਨੋਵਿਗਿਆਨਕ ਵਿਆਖਿਆ ਨੂੰ ਕਲਾ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਦਾ ਹੈ।

1. ਚਿੱਟਾ ਰੰਗ : ਖੁੱਲਾਪਣ, ਖਾਮੋਸ਼ੀ ਅਤੇ ਆਧਿਆਤਮਿਕਤਾ

ਮਨੋਵਿਗਿਆਨਕ ਪੱਖ

ਚਿੱਟਾ ਰੰਗ ਪਵਿਤ੍ਰਤਾ, ਨਿਰਮਲਤਾ, ਸਾਦਗੀ ਅਤੇ ਮਾਨਸਿਕ ਖੁੱਲਾਪਣ ਦਾ ਪ੍ਰਤੀਕ ਹੈ। ਇਹ ਮਨ ਨੂੰ ਸ਼ਾਂਤੀ ਅਤੇ ਸਪਸ਼ਟਤਾ ਪ੍ਰਦਾਨ ਕਰਦਾ ਹੈ, ਪਰ ਅਤਿ-ਪ੍ਰਯੋਗ ਕਰਨ ਨਾਲ ਇਹ ਖਾਲੀਪਨ ਅਤੇ ਇਕਾਂਤ ਦੀ ਭਾਵਨਾ ਵੀ ਪੈਦਾ ਕਰ ਸਕਦਾ ਹੈ।

ਕਲਾ ਵਿੱਚ

ਕਲਾ ਵਿੱਚ ਚਿੱਟਾ ਰੰਗ ਰੌਸ਼ਨੀ, ਖਾਲੀ ਜਗ੍ਹਾ ਅਤੇ ਵਿਸ਼ਰਾਮ (pause) ਦਾ ਕੰਮ ਕਰਦਾ ਹੈ। ਪੂਰਬੀ ਕਲਾ ਵਿੱਚ ਇਹ ਵੈਰਾਗ ਅਤੇ ਆਤਮਿਕ ਦੂਰੀ ਦਾ ਪ੍ਰਤੀਕ ਹੈ, ਜਦਕਿ ਪੱਛਮੀ ਕਲਾ ਵਿੱਚ ਇਹ ਦਿਵ ?ਯਤਾ ਅਤੇ ਨੈਤਿਕ ਪਵਿਤ੍ਰਤਾ ਨਾਲ ਜੋੜਿਆ ਜਾਂਦਾ ਹੈ। ਆਧੁਨਿਕ ਮਿਨੀਮਲਿਸਟ ਕਲਾ ਵਿੱਚ ਚਿੱਟਾ ਰੰਗ ਦਰਸ਼ਕ ਨੂੰ ਅੰਦਰੂਨੀ ਚਿੰਤਨ ਵੱਲ ਮੋੜਦਾ ਹੈ।

2. ਕਾਲਾ ਰੰਗ : ਗਹਿਰਾਈ, ਸ਼ਕਤੀ ਅਤੇ ਅਵਚੇਤਨ ਮਨ

ਮਨੋਵਿਗਿਆਨਕ ਪੱਖ

ਕਾਲਾ ਰੰਗ ਰਹੱਸ, ਅਧਿਕਾਰ, ਮੌਤ, ਡਰ ਅਤੇ ਅਵਚੇਤਨ ਮਨ ਦਾ ਪ੍ਰਤੀਕ ਹੈ। ਇਹ ਰੌਸ਼ਨੀ ਨੂੰ ਸ਼ੋਸ਼ਿਤ ਕਰਕੇ ਮਨੋਵਿਗਿਆਨਕ ਗੰਭੀਰਤਾ ਪੈਦਾ ਕਰਦਾ ਹੈ।



ਕਲਾ ਵਿੱਚ

ਕਾਲਾ ਰੰਗ ਨਾਟਕੀਅਤ, ਟਕਰਾਅ ਅਤੇ ਗਹਿਰਾਈ ਲਈ ਵਰਤਿਆ ਜਾਂਦਾ ਹੈ। ਚਿਆਰੋਸਕੂਰੋ ਤਕਨੀਕ ਵਿੱਚ ਕਾਲਾ ਭਾਵਨਾਤਮਕ ਤੀਬਰਤਾ ਨੂੰ ਵਧਾਉਂਦਾ ਹੈ। ਆਧੁਨਿਕ ਅਤੇ ਪ੍ਰਤਿਰੋਧੀ ਕਲਾ ਵਿੱਚ ਇਹ ਦਬਾਅ, ਸੋਗ ਅਤੇ ਵਿਦ੍ਰੋਹ ਦਾ ਪ੍ਰਤੀਕ ਬਣ ਜਾਂਦਾ ਹੈ।

3. ਲਾਲ ਰੰਗ : ਜਜ਼ਬਾ, ਹਿੰਸਾ ਅਤੇ ਜੀਵਨ-ਊਰਜਾ

ਮਨੋਵਿਗਿਆਨਕ ਪੱਖ

ਲਾਲ ਰੰਗ ਮਨੁੱਖੀ ਸਰੀਰਕ ਅਤੇ ਮਾਨਸਿਕ ਉਤਤੇਜਨਾ ਨੂੰ ਵਧਾਉਂਦਾ ਹੈ। ਇਹ ਪ੍ਰੇਮ, ਗੁੱਸੇ, ਖ਼ਤਰੇ, ਬਲੀਦਾਨ ਅਤੇ ਜੰਗ ਨਾਲ ਜੁੜਿਆ ਹੋਇਆ ਹੈ।

ਕਲਾ ਵਿੱਚ

ਲਾਲ ਰੰਗ ਤੁਰੰਤ ਧਿਆਨ ਖਿੱਚਦਾ ਹੈ। ਧਾਰਮਿਕ ਕਲਾ ਵਿੱਚ ਇਹ ਸ਼ਹੀਦੀ ਅਤੇ ਦਿਵ ?ਯ ਪ੍ਰੇਮ ਦਾ ਪ੍ਰਤੀਕ ਹੈ, ਜਦਕਿ ਰਾਜਨੀਤਿਕ ਕਲਾ ਵਿੱਚ ਕ੍ਰਾਂਤੀ ਅਤੇ ਸੰਘਰਸ਼ ਦਾ। ਕਲਾਕਾਰ ਲਾਲ ਨੂੰ ਭਾਵਨਾਤਮਕ ਕੇਂਦਰ ਬਣਾਉਣ ਲਈ ਵਰਤਦੇ ਹਨ।

4. ਨੀਲਾ ਰੰਗ : ਸ਼ਾਂਤੀ, ਉਦਾਸੀ ਅਤੇ ਅਨੰਤਤਾ

ਮਨੋਵਿਗਿਆਨਕ ਪੱਖ

ਨੀਲਾ ਰੰਗ ਮਨ ਨੂੰ ਠੰਢਕ, ਵਿਸ਼ਵਾਸ ਅਤੇ ਆਤਮ-ਚਿੰਤਨ ਦੀ ਅਵਸਥਾ ਵਿੱਚ ਲੈ ਜਾਂਦਾ ਹੈ। ਇਹ ਉਦਾਸੀ ਅਤੇ ਵਿਛੋੜੇ ਦੀ ਭਾਵਨਾ ਵੀ ਪ੍ਰਗਟ ਕਰਦਾ ਹੈ।

ਕਲਾ ਵਿੱਚ

ਨੀਲਾ ਰੰਗ ਗਹਿਰਾਈ ਅਤੇ ਅਨੰਤਤਾ ਦਾ ਅਹਿਸਾਸ ਦਿਵਾਉਂਦਾ ਹੈ। ਪਿਕਾਸੋ ਦੀ ਨੀਲੀ ਅਵਧੀ ਇਸਦਾ ਪ੍ਰਸਿੱਧ ਉਦਾਹਰਨ ਹੈ, ਜਿਸ ਵਿੱਚ ਗਰੀਬੀ ਅਤੇ ਇਕਾਂਤ ਦਰਸਾਇਆ ਗਿਆ ਹੈ।

5. ਪੀਲਾ ਰੰਗ : ਰੌਸ਼ਨੀ, ਬੁੱਧੀ ਅਤੇ ਚਿੰਤਾ

ਮਨੋਵਿਗਿਆਨਕ ਪੱਖ

ਪੀਲਾ ਰੰਗ ਉਤਸ਼ਾਹ, ਬੁੱਧੀ ਅਤੇ ਸਚੇਤਤਾ ਨਾਲ ਜੁੜਿਆ ਹੋਇਆ ਹੈ, ਪਰ ਅਤਿਅਧਿਕ ਪ੍ਰਯੋਗ ਚਿੰਤਾ ਪੈਦਾ ਕਰ ਸਕਦਾ ਹੈ।

ਕਲਾ ਵਿੱਚ

ਪੀਲਾ ਰੰਗ ਰੌਸ਼ਨੀ ਅਤੇ ਆਤਮਿਕ ਜਾਗਰੂਕਤਾ ਦਾ ਪ੍ਰਤੀਕ ਹੈ। ਵੈਨ ਗੋਗ ਦੇ ਚਿੱਤਰਾਂ ਵਿੱਚ ਪੀਲਾ ਅੰਦਰੂਨੀ ਤਣਾਅ ਅਤੇ ਆਤਮਿਕ ਖੋਜ ਨੂੰ ਦਰਸਾਉਂਦਾ ਹੈ।

6. ਹਰਾ ਰੰਗ : ਸੰਤੁਲਨ, ਵਿਕਾਸ ਅਤੇ ਨਵਜਨਮ

ਮਨੋਵਿਗਿਆਨਕ ਪੱਖ

ਹਰਾ ਰੰਗ ਅੱਖਾਂ ਲਈ ਸਭ ਤੋਂ ਸੁਖਦਾਇਕ ਮੰਨਿਆ ਜਾਂਦਾ ਹੈ। ਇਹ ਸੰਤੁਲਨ, ਚੰਗਿਆਈ ਅਤੇ ਪ੍ਰਕਿਰਤੀ ਨਾਲ ਜੁੜਿਆ ਹੋਇਆ ਹੈ।

ਕਲਾ ਵਿੱਚ

ਹਰਾ ਰੰਗ ਭੂਦ੍ਰਿਸ਼ ਕਲਾ ਵਿੱਚ ਪ੍ਰਮੁੱਖ ਹੈ। ਆਧੁਨਿਕ ਕਲਾ ਵਿੱਚ ਇਹ ਪਰਿਆਵਰਣਕ ਚੇਤਨਾ ਅਤੇ ਮਨੁੱਖ-ਪ੍ਰਕਿਰਤੀ ਸੰਬੰਧਾਂ ਦਾ ਪ੍ਰਤੀਕ ਬਣ ਗਿਆ ਹੈ।

7. ਨਾਰੰਗੀ ਰੰਗ : ਉਰਜਾ, ਗਰਮੀ ਅਤੇ ਸਮਾਜਿਕਤਾ

ਮਨੋਵਿਗਿਆਨਕ ਪੱਖ

ਨਾਰੰਗੀ ਰੰਗ ਉਤਸ਼ਾਹ ਅਤੇ ਮਿੱਤਰਤਾ ਨੂੰ ਉਭਾਰਦਾ ਹੈ।

ਕਲਾ ਵਿੱਚ

ਭਾਰਤੀ ਕਲਾ ਵਿੱਚ ਨਾਰੰਗੀ (ਕੇਸਰੀ) ਰੰਗ ਤਿਆਗ, ਆਤਮਿਕਤਾ ਅਤੇ ਬਲੀਦਾਨ ਦਾ ਪ੍ਰਤੀਕ ਹੈ।

8. ਜਾਮਨੀ / ਬੈਂਗਣੀ ਰੰਗ : ਕਲਪਨਾ ਅਤੇ ਆਧਿਆਤਮਿਕਤਾ

ਮਨੋਵਿਗਿਆਨਕ ਪੱਖ

ਇਹ ਰੰਗ ਗੰਭੀਰ ਚਿੰਤਨ, ਕਲਪਨਾ ਅਤੇ ਆਤਮਿਕ ਅਨੁਭਵ ਨਾਲ ਜੁੜਿਆ ਹੋਇਆ ਹੈ।

ਕਲਾ ਵਿੱਚ

ਪੁਰਾਤਨ ਸਮੇਂ ਤੋਂ ਜਾਮਨੀ ਰਾਜਸੀ ਅਤੇ ਧਾਰਮਿਕ ਮਹੱਤਤਾ ਰੱਖਦਾ ਆ ਰਿਹਾ ਹੈ। ਪ੍ਰਤੀਕਵਾਦੀ ਅਤੇ ਸਰ੍ਰੀਅਲਿਸਟ ਕਲਾ ਵਿੱਚ ਇਹ ਸੁਪਨਿਲ ਅਵਸਥਾਵਾਂ ਦਰਸਾਉਂਦਾ ਹੈ।

9. ਭੂਰਾ ਰੰਗ : ਧਰਤੀ, ਮਿਹਨਤ ਅਤੇ ਯਥਾਰਥਵਾਦ

ਮਨੋਵਿਗਿਆਨਕ ਪੱਖ

ਭੂਰਾ ਰੰਗ ਸਥਿਰਤਾ ਅਤੇ ਭਰੋਸੇ ਦਾ ਪ੍ਰਤੀਕ ਹੈ।

ਕਲਾ ਵਿੱਚ

ਯਥਾਰਥਵਾਦੀ ਅਤੇ ਸਮਾਜਕ ਕਲਾ ਵਿੱਚ ਭੂਰਾ ਰੰਗ ਮਜ਼ਦੂਰ ਵਰਗ ਅਤੇ ਧਰਤੀ ਨਾਲ ਜੁੜੇ ਜੀਵਨ ਨੂੰ ਗੌਰਵ ਨਾਲ ਦਰਸਾਉਂਦਾ ਹੈ।

10. ਸਲੇਟੀ ਰੰਗ : ਅਸਪਸ਼ਟਤਾ ਅਤੇ ਆਧੁਨਿਕ ਵਿਹਲਤਾ

ਮਨੋਵਿਗਿਆਨਕ ਪੱਖ

ਸਲੇਟੀ ਰੰਗ ਨਿਰਪੱਖਤਾ, ਉਦਾਸੀ ਅਤੇ ਅਨਿਸ਼ਚਿਤਤਾ ਨੂੰ ਦਰਸਾਉਂਦਾ ਹੈ।

ਕਲਾ ਵਿੱਚ

ਆਧੁਨਿਕ ਸ਼ਹਿਰੀ ਅਤੇ ਅਬਸਟ੍ਰੈਕਟ ਕਲਾ ਵਿੱਚ ਸਲੇਟੀ ਰੰਗ ਇਕਾਂਤ ਅਤੇ ਉਦਯੋਗੀਕ ਜੀਵਨ ਦੀ ਪ੍ਰਤੀਕਾਤਮਕ ਭਾਸ਼ਾ ਹੈ।ਰੰਗ ਕਲਾ ਵਿੱਚ ਮਨੋਵਿਗਿਆਨਕ ਅਤੇ ਸੰਸਕ੍ਰਿਤਿਕ ਭਾਸ਼ਾ ਵਜੋਂ ਕੰਮ ਕਰਦੇ ਹਨ। ਇਹ ਕੇਵਲ ਸਜਾਵਟੀ ਤੱਤ ਨਹੀਂ, ਸਗੋਂ ਮਨੁੱਖੀ ਅਨੁਭਵ, ਸਮਾਜਕ ਸੱਚਾਈ ਅਤੇ ਆਤਮਿਕ ਅਵਸਥਾਵਾਂ ਦੇ ਪ੍ਰਗਟਾਵੇ ਦਾ ਸਾਧਨ ਹਨ। ਰੰਗਾਂ ਦੀ ਸਮਝ ਕਲਾਕਾਰ ਅਤੇ ਦਰਸ਼ਕ ਦੋਵਾਂ ਲਈ ਕਲਾ ਦੀ ਗਹਿਰਾਈ ਨੂੰ ਵਧਾਉਂਦੀ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220

# ਭਗਤ ਰਵਿਦਾਸ ਜੀ ਦੀ ਬਾਣੀ ਦੇ ਇਨਕਲਾਬੀ ਪੱਖ ਨੂੰ ਸਮਝਣ ਦੀ ਲੋੜ



**ਧੰਨ ਧੰਨ ਸਾਹਿਬ ਭਗਤ ਰਵਿਦਾਸ ਜੀ ਨੇ ਭਾਵੇਂ ਕੁੱਲੀ ਵਿੱਚ ਰਹਿ ਕੇ ਜੀਵਨ ਬਤੀਤ ਕੀਤਾ ਪ੍ਰੰਤੂ ਉਹ ਸੱਚੀ ਕਿਰਤ ਕਰਨ ਦੇ ਨਾਲ ਨਾਲ ਬਹੁਤ ਵੱਡੇ ਵਿਦਵਾਨ ਅਤੇ ਫਿਲਾਸਫਰ ਸਨ ਉਨ੍ਹਾਂ ਵੱਲੋਂ "ਬੇਗਮਪੁਰਾ ਸਹਰ ਕੋ ਨਾਉ" ਸ਼ਬਦ ਵਿੱਚ ਦੁਨਿਆਵੀ ਤੌਰ ਤੇ ਇਕ ਐਸੀ ਆਈਡਲ ਸਟੇਟ ਦੀ ਕਲਪਨਾ ਕੀਤੀ ਹੈ ਜਿਸਨੂੰ ਅਸੀਂ ਵਰਲਡ ਸਟੇਟ ਕਹਿ ਸਕਦੇ ਹਾਂ ਉਨ੍ਹਾਂ ਅਨੁਸਾਰ ਵਿਸ਼ਵ ਵਤਨ ਜਿਸ ਦਾ ਨਾਮ ਬੇਗਮਪੁਰਾ ਹੈ ਪਰਮ ਆਨੰਦ ਨਾਲ ਭਰਪੂਰ ਹੈ ਇਸ ਵਤਨ ਦਾ ਮਨੁੱਖ ਸਮਾਜਿਕ, ਸਦਾਚਾਰਕ ,ਵਿੱਦਿਅਕ ਅਤੇ ਧਾਰਮਿਕ ਆਦਿ ਹਰ ਕਿਸਮ ਦੇ ਦੁੱਖ ਤੋਂ ਮੁਕਤ ਹੈ ਅਤੇ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਅਤੇ ਘਬਰਾਹਟ ਨਹੀਂ। ਵਿਸ਼ਵ ਦਾ ਮਨੁੱਖ ਮਾਨਸਿਕ ਤੌਰ ਤੇ ਸੁਤੰਤਰ ਹੈ , ਮਨੁੱਖ ਨੂੰ ਕੋਈ ਟੈਕਸ ਦੇਣ ਦੀ ਘਬਰਾਹਟ ਨਹੀਂ ਅਤੇ ਨਾ ਹੀ ਇੱਕ ਰਾਜੇ ਵੱਲੋਂ ਦੂਸਰੇ ਰਾਜਾਂ ਨੂੰ ਅਧੀਨਗੀ ਕਰ ਦੇਣ ਦੀ ਚਿੰਤਾ ਹੈ ਭਾਵ ਇਸ ਪਾਤਸ਼ਾਹੀ ਵਿੱਚੋਂ ਕੋਈ ਰਾਜਾ ਨਹੀਂ ਹੈ। ਇੱਥੇ ਸਾਮੰਤੀ ਯੁੱਗ ਦਾ ਖ਼ਾਤਮਾ ਹੈ ਇਸੇ ਕਾਰਨ ਇੱਥੇ ਕਿਸੇ ਦੀ ਕੋਈ ਜ਼ੱਦੀ ਜਾਂ ਨਿੱਜੀ ਜਾਇਦਾਦ ਨਹੀਂ ਹੈ।ਇੱਥੋਂ ਦਾ ਸ਼ਹਿਰੀ ਆਰਥਿਕ ਤੌਰ ਤੇ ਸੁਤੰਤਰ ਹੈ ,ਇਹ ਸਮਾਜਵਾਦੀ ਲੋਕਤੰਤਰ ਯੁੱਗ ਹੈ ਸੋ ਰਾਜਾਂ ਦੇ ਜ਼ੁਲਮਾਂ ਦਾ ਡਰ ਨਹੀਂ ਹੈ ।ਆਪਸੀ ਵੈਰ ਵਿਰੋਧ ਨਹੀਂ ਹੈ ।ਇਸ ਵਤਨ ਦਾ ਸ਼ਹਿਰੀ ਨਿਰਭਉ ਤੇ ਨਿਰਵੈਰ ਹੈ, ਇੱਥੋਂ ਤੱਕ ਕਿ ਇੱਛਾਵਾਂ ਤੇ ਕਾਬੂ ਹੋਣ ਕਰਕੇ ਕਿਸੇ ਵੀ ਕਿਸਮ ਦੀ ਅਵਉਨਤੀ ਦਾ ਡਰ ਨਹੀਂ ਹੈ। ਇਸ ਤਰ੍ਹਾਂ ਇੱਥੋਂ ਦਾ ਸ਼ਹਿਰੀ ਰਾਜਨੀਤਕ ਤੌਰ ਤੇ ਸੁਤੰਤਰ ਹੈ ਸਿੱਟੇ ਵਜੋਂ ਵਿਸ਼ਵ ਵਤਨ ਹਰ ਪੱਖੋਂ ਪਰਮ ਆਨੰਦ ਨਾਲ ਭਰਪੂਰ ਹੈ ।**

**ਅਵਤਾਰ ਲੰਗੇਰੀ,**
**ਵਟਸਐਪ 91 9463260181**

ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਇਤਿਹਾਸ ਗਵਾਹੀ ਭਰਦਾ ਹੈ ਕਿ ਸਰਮਾਏਦਾਰੀ ਨਿਜ਼ਾਮ ਅੰਦਰ ਹਮੇਸ਼ਾ ਹੀ ਸ਼ੈਤਾਨ ਅਤੇ ਸਵਾਰਥੀ ਲੋਕਾਂ ਨੇ ਗ਼ਰੀਬ ਜਨਤਾ ਨੂੰ ਗੁਲਾਮ ਬਣਾ ਕੇ ਰੱਖਿਆ। ਇਨ੍ਹਾਂ ਦੇ ਨਾਦਰਸ਼ਾਹੀ ਹੁਕਮ ਚਲਾਏ ਆਪਣੇ ਸਵਾਰਥ ਅਤੇ ਸੁੱਖਾਂ ਲਈ ਝੂਠ ਬੇਈਮਾਨੀ ਭ੍ਰਿਸ਼ਟਾਚਾਰ ਪਾਪ ਅਤੇ ਜ਼ੁਲਮਾਂ ਦੇ ਹੱਦਾਂ ਬੰਨ੍ਹੇ ਟੱਪ ਜਾਤ ਪਾਤ ਦੇ ਨਾਂ ਤੇ ਵੰਡੀਆਂ ਪਾ ਕੇ ਅਤੇ ਕੌਮਾਂ ਧਰਮਾਂ ਤੇ ਮਜ਼੍ਹਬਾਂ ਵਿੱਚ ਉਲਝਾ ਕੇ ਭ੍ਰਿਸ਼ਟ ਨਿਜ਼ਾਮ ਦੀ ਉਮਰ ਲੰਬੀ ਕੀਤੀ।ਕੁਝ ਐਸਾ ਸਮਾਂ ਇਸੀ ਪਰ ਦੇਸ਼ ਵਿਚ ਅੰਧਕਾਲ ।ਇਸ ਅੰਧਕਾਲ ਸਮੇਂ ਤੁਰੇ ਹਿੰਦੂ ਸਮਾਜ ਨੂੰ ਮਨੂ ਸਮਰਿਤੀ ਅਨੁਸਾਰ ਚਾਰ ਵਰਣਾਂ ਵਿੱਚ ਵੰਡਿਆ ਗਿਆ ਸੀ ਇਸ ਸਮਾਜਿਕ ਵੰਡ ਨੂੰ ਧਾਰਮਿਕ ਪ੍ਰਮਾਣਕਤਾ ਦਿੱਤੀ ਗਈ ਜਿਸ ਤੇ ਬੜੇ ਕਠੋਰ ਨਿਯਮ ਸਨ ਬ੍ਰਾਹਮਣ ਖੱਤਰੀ ਅਤੇ ਵੈਸ਼ ਮਨੂੰ ਸਿਮਰਤੀ ਅਨੁਸਾਰ ਉਪਰਲੇ ਤਿੰਨ ਵਰਗ ਸਨ ਚੌਥਾ ਵਰਗ ਸੀ ਸ਼ੂਦਰ ਤਿੰਨੇ ਵਰਗ ਮਿਲ ਕੇ ਚੌਥੇ ਵਰਗ ਨੂੰ ਬਹੁਤ ਹੀ ਨੀਵਾਂ ਸਮਝਦੇ ਸਨ ਬਲਕਿ ਉਸ ਵਰਗ ਨੂੰ ਅਛੂਤ ਕਹਿੰਦੇ ।ਕੁਦਰਤ ਨੇ ਮਨੁੱਖ ਜਾਤੀ ਨੂੰ ਸ਼ਕਲ ਸੂਰਤ ਕਿਸੇ ਤਰ੍ਹਾਂ ਵੀ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਪ੍ਰੰਤੂ ਸਾਡੇ ਮੁਲਕ ਵਿੱਚ ਜਨਮ ਤੋਂ ਹੀ ਸਮਾਜਿਕ ਅਤੇ ਧਾਰਮਿਕ ਅਨਿਆਂ ਕਾਰਨ ਕਿਸੇ ਤੇ ਕੋਈ ਨਾ ਕੋਈ ਜਾਤੀ ਮੋਹਰ ਲੱਗ ਜਾਂਦੀ ਹੈ। ਜਾਤਾਂ ਪਾਤਾਂ ਦੇ ਵਿਤਕਰੇ ਅਤੇ ਅਨਿਆਂ ਦੇ ਦੌਰ ਵਿੱਚ ਇਸ ਮਹਾਨ ਰਹਿਬਰ ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਅਛੂਤ ਵਰਗ ਵਿੱਚ ਜਨਮ ਲਿਆ ਸ੍ਰੀ ਗੁਰੂ ਰਵਿਦਾਸ ਜੀ ਦੀ ਜਨਮ ਮਿਤੀ ਬਾਰੇ ਇਤਿਹਾਸਕਾਰਾਂ ਦੀ ਰਾਏ ਇੱਕ ਮੱਤ ਨਹੀਂ ਹੈ ।ਉਹ ਆਪਣੀ ਜਾਤੀ ਬਾਰੇ ਡੰਕੇ ਦੀ ਚੋਟ ਨਾਲ ਆਖਦੇ ਕਿ

**" ਮੇਰੀ ਜਾਤ ਕੁੱਟ ਬਾਂਢਲਾ**
**ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ॥ "**
**ਗੁਰੂ ਗ੍ਰੰਥ ਸਾਹਿਬ ਪੰਨਾ 1293**

ਮੌਜੂਦਾ ਦੌਰ ਅੰਦਰ ਅੱਜ ਜਦੋਂ ਅਸੀਂ ਕਿਸੇ ਤੋਂ ਉਸ ਦੀ ਜਾਤੀ ਬਾਰੇ ਪੁੱਛਦੇ ਹਾਂ ਤਾਂ ਉਹ ਬੜੇ ਮਾਣ ਨਾਲ ਆਖਦਾ ਹੈ ਕਿ ਮੈਂ ਸੰਧੂ, ਢਿੱਲੋਂ, ਸ਼ੇਰਗਿੱਲ, ਸਿੱਧੂ ,ਬਰਾੜ ,ਵਰਮਾ ਜਾਂ ਸ਼ਰਮਾ। ਪ੍ਰੰਤੂ ਜਦੋਂ ਵੀ ਕੋਈ ਅਛੂਤ ਸਮਾਜ ਦੇ ਆਦਮੀ ਨੇ ਆਪਣੀ ਪਹਿਚਾਣ ਦੇਣੀ ਹੁੰਦੀ ਤਾਂ ਉਹ ਧੁਰ ਅੰਦਰੋਂ ਕੰਬਣ ਲੱਗਦਾ ਹੈ ਕਿ ਮੇਰੀ ਜਾਤੀ ਦਾ ਪਤਾ ਲੱਗਣ ਤੇ ਮੇਰਾ ਰੁਤਬਾ ਇਨ੍ਹਾਂ ਦੇ ਬਰਾਬਰ ਨਹੀਂ ਰਹਿਣਾ ।ਪਰ ਸਮਾਜ ਅੰਦਰ ਸਭ ਤੋਂ ਲਤਾੜੇ ਅਛੂਤ ਵਰਗ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਸ਼੍ਰੋਮਣੀ ਇਨਕਲਾਬੀ ਵਿਚਾਰਧਾਰਾ ਦੇ ਮਾਲਕ ਸ੍ਰੀ ਗੁਰੂ ਰਵਿਦਾਸ ਜੀ ਤਾਂ ਉੱਚੀ ਆਵਾਜ਼ ਵਿੱਚ ਆਖਦੇ ਸਨ

**"ਤੁਮ ਸਰਨਾਗਤਿ ਰਾਜਾ ਰਾਮ**
**ਚੰਦ ਕਹਿ ਰਵਿਦਾਸ ਚਮਾਰਾ ॥**
**ਜਾਤੀ ਓਛਾ ਪਾਤੀ ਓਛਾ ਓਛਾ**
**ਜਨਮੁ ਹਮਾਰਾ ਰਾਜਾ ਰਾਮ ਕੀ**
**ਸੇਵ ਨਾ ਕੀਨੀ ਕਹੁ ਰਵਿਦਾਸ ਚਮਾਰਾ ॥"**

ਗੁਰਮੁਖੀ ਹਿੰਦੀ ਫਾਰਸੀ ਤੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ ਜੀ ਦੀਆਂ ਵਾਰਾਂ ਨੂੰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਮੰਨਿਆ ਜਾਂਦਾ ਹੈ। ਉਹ ਸ੍ਰੀ ਰਵਿਦਾਸ ਜੀ ਨੂੰ ਮੈਲੇ ਕੱਪੜਿਆਂ ਵਿੱਚ ਲਿਪਟਿਆ ਇਕ ਅਮੁੱਲ ਹੀਰਾ ਆਖਦੇ ਹਨ। ਉਹ ਹੀਰਾ ਜਿਸ ਦਾ ਕੋਈ ਮੁੱਲ ਨਾ ਪਾ ਸਕੇ ਅਤੇ ਸਾਰੇ ਸੰਸਾਰ ਵਿੱਚ ਜਿਸ ਦੀ ਰੋਸ਼ਨੀ ਹੋਵੇ ਜਿਵੇਂ

**ਭਗਤੁ ਭਗਤੁ ਜੱਗ ਵੱਜਿਆ ਚਹੁੰ ਚੱਕਾਂ ਵਿਚ ਚਮਰੇਟਾ॥**
**ਪਾਣਾ ਗੰਢੈ ਰਾਹ ਵਿਚ ਕੁੱਲਾ ਧਰਮ ਢੋਇ ਢੋਰ ਸਮੇਟਾ॥**
**ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥**
**ਚਹੁੰ ਵਰਨਾ ਉਪਦੇਸ਼ ਦਾ ਗਿਆਨ ਧਿਆਨ ਕਰਿ ਭਗਤ ਸਹੇਟਾ ॥**

ਸ੍ਰੀ ਗੁਰੂ ਰਵਿਦਾਸ ਜੀ ਦੀ ਸੋਭਾ ਚਾਰੇ ਪਾਸੇ ਹੋਣ ਲੱਗੀ ।ਸਿੱਖ ਗੁਰੂਆਂ ਤੇ ਭਗਤਾਂ ਨੇ ਉਨ੍ਹਾਂ ਦੀ ਉਸਤਤ ਵਿੱਚ ਅਮੁੱਲ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਨੂੰ ਮਹਾਨ ਰਹਿਬਰ ਅਤੇ ਸੱਚੇ ਮਾਰਗ ਦੇ ਰਾਹੀਂ ਦੱਸਿਆ, ਹੱਕ ਸੱਚ ਲਈ ਲੜਨ ਅਤੇ ਰਾਹ ਦਿਖਾਉਣ ਵਾਲਾ ਮਸੀਹਾ ਕਿਹਾ ,ਦੱਬੇ ਕੁਚਲਿਆਂ ਨੂੰ ਇਕ ਆਸ ਦੀ ਕਿਰਨ ਨਜ਼ਰ ਆਉਣ ਲੱਗੀ ।ਇਸੇ ਲਈ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਵਿਦਾਸ ਜੀ ਦੀ ਬਾਣੀ 1506 ਈਸਵੀ ਵਿਚ ਇਕੱਤਰ ਕੀਤੀ 1604 ਈਸਵੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਰਵਿਦਾਸ ਜੀ ਦੀ ਬਾਣੀ ਨੂੰ ਦਰਜ ਕਰਕੇ ਸੰਪਾਦਨਾ ਸੰਪੂਰਨ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਦਾ ਇਹ ਵਰਤਾਰਾ ਸ੍ਰੀ ਰਵਿਦਾਸ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਪ੍ਰਤੀਕ ਸੀ। ਅੱਜ ਜਦੋਂ ਸਾਰਾ ਜਗਤ ਹਰ ਰੋਜ਼ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਾ ਹੈ ਤਾਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਇਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ।ਇਸ ਲਈ ਸਭ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਨੇ ਸ੍ਰੀ ਰਵਿਦਾਸ ਜੀ ਦਾ ਸੱਚਾ ਸਤਿਕਾਰ ਕੀਤਾ ।ਇਸੇ ਸੰਦਰਭ ਵਿਚ ਸਤਿਕਾਰਯੋਗ ਬ੍ਰਾਹਮਣ ਵਿਦਵਾਨ ਸ੍ਰੀ ਐਸ ਐਲ ਪਾਂਡੇ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸਨ ਉਨ੍ਹਾਂ ਨੇ 1604 ਈਸਵੀ ਵਿੱਚ ਰਵਿਦਾਸ ਜੀ ਦੀ ਬਾਣੀ ਆਪਣੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਕੇ ਉਨ੍ਹਾਂ ਪ੍ਰਤੀ ਭਾਰੀ ਸ਼ਰਧਾ ਦਾ ਇਜ਼ਹਾਰ ਕੀਤਾ ਹੈ। ਰਵਿਦਾਸ ਜੀ ਦੀ ਬਾਣੀ ਦਾ ਇਹ ਸੰਗ੍ਰਹਿ ਸਭ ਤੋਂ ਪਹਿਲਾਂ ਅਤੇ ਸਭ ਤੋਂ ਪ੍ਰਮਾਣਿਕ ਹੈ ,ਕਿਉਂ ਜੋ ਉਨ੍ਹਾਂ ਦੀ ਰਚਨਾ ਬਾਰੇ ਹੋਰ ਤੱਥ ਅਤੇ ਲਿਖਤਾਂ ਇੰਨੀਆਂ ਪੁਰਾਣੀਆਂ ਨਹੀਂ ਜਿੰਨੀਆਂ ਜਿੰਨੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹੈ।

ਅੱਜ ਅਸੀਂ ਸਾਧਾਰਨ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਤਾਂ ਟੇਕ ਰਹੇ ਹਾਂ, ਪੂਜਾ ਤਾਂ ਕਰ ਰਹੇ ਹਾਂ ਪ੍ਰੰਤੂ ਗੁਰਬਾਣੀ ਜਿਹੜਾ ਮਾਰਗ ਦੱਸ ਰਹੀ ਹੈ ਉਸ ਨੂੰ ਸਮਝਣ ਦਾ ਯਤਨ ਨਹੀਂ ਕਰ ਰਹੇ ।ਅਸੀਂ ਲੋਕ ਮੂਰਤੀ ਪੂਜਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਜ ਹੀ ਰਹੇ ਹਾਂ ਉਸ ਵਿਚਲੀ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਪਡ ? ਕੇ ਅਮਲ ਕਰਨ ਵੱਲ ਨਹੀਂ ਜਾ ਰਹੇ। ਅੱਜ ਅਸੀਂ 21ਵੀਂ ਸਦੀ ਦੇ ਵਿਗਿਆਨਕ ਯੁਗ ਵਿੱਚ ਜੀਅ ਰਹੇ ਹਾਂ ਜਿਸ ਲਈ ਸਾਨੂੰ ਉਸ ਵੇਲੇ ਬੜੀ ਹੈਰਾਨੀ ਹੁੰਦੀ ਹੈ ਜਦੋਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਵਿਚ ਕੱਢੀਆਂ ਜਾਂਦੀਆਂ ਪ੍ਰਭਾਤ ਫੇਰੀਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਮਨਘਡ ?ਤ ਸ਼ਬਦ ਸੁਣਨ ਨੂੰ ਮਿਲਦੇ ਹਨ

**"ਜਿਵੇਂ ਮੈਂ ਨੰਗੇ ਨੰਗੇ ਪੈਰੀਂ ਆਵਾਂ,**
**ਰਵਿਦਾਸ ਜੀ ਗਲ ਨਾਲ ਲਾ ਲੈਣਾ "**
**"ਤੇਰੀ ਪੂਜਾ ਕਰਨ ਲਈ ਦੁੱਧ ਲਿਆਵਾਂ,**
**ਪੂਜਾ ਕਰਨ ਲਈ ਫੁੱਲ ਲਿਆਵਾਂ ਆਦਿ।**

ਸ਼ੈਤਾਨੀ ਦਿਮਾਗ ਲੋਕਾਂ ਵੱਲੋਂ ਹਰ ਖਿੱਤੇ ਅੰਦਰ ਸ਼ੈਤਾਨੀ ਕੀਤੀ ਜਾਣੀ ਲਾਜ਼ਮੀ ਰਹੀ ਹੈ ।ਸੋ ਇਸੇ ਤਰ੍ਹਾਂ ਧਾਰਮਿਕ ਖੇਤਰ ਵਿੱਚ ਵੀ ਰੋਜ਼ੀ ਰੋਟੀ ਰੋਜ਼ੀ ਲਈ ਕਿਰਤ ਕਰਦੀ ਜਮਾਤ ਨੂੰ ਸ੍ਰੀ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਤੋਂ ਪਰ੍ਹੇ ਰੱਖੇ ਜਾਣ ਦੀ ਸ਼ੈਤਾਨੀ ਚਾਲ ਚਲਦੀ ਰਹਿੰਦੀ ਹੈ ਪ੍ਰੰਤੂ ਵਿਦਵਾਨ ਲੋਕਾਂ ਤੇ ਸ੍ਰੀ ਗੁਰੂ ਗ੍ਰੰਥ ਰਵਿਦਾਸ ਜੀ ਦੇ ਸ਼ਰਧਾਵਾਨ ਸੇਵਕਾਂ ਦਾ ਫ਼ਰਜ਼ ਬਣਦਾ ਹੈ ਕਿ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਸਹੀ ਅਰਥ ਲੋਕਾਂ ਸਾਹਮਣੇ ਲੈ ਕੇ ਆਉਣ । ਲੋੜਾਂ ਦੀ ਲੋੜ ਬਾਣੀ ਨੂੰ ਪੂਜਣ ਦੀ ਨਹੀਂ ਸਗੋਂ ਸਮਝਣ ਦੀ ਅਤੇ ਇਸ ਨੂੰ ਮਨੁੱਖੀ ਜੀਵਨ ਉੱਪਰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਅਣਸਰਦੀ ਲੋੜ ਹੈ। ਰਵਿਦਾਸ ਜੀ ਦੇ ਇਸ ਪਾਵਨ ਸ਼ਬਦ ਵਿੱਚੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਸੋਚ ਪ੍ਰਤੱਖ ਰੂਪ ਵਿੱਚ ਸਪਸ਼ਟ ਹੁੰਦੀ ਹੈ ਕਿ

**ਬੇਗਮਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥ ੧ ॥**
**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥ ੨ ॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ ॥**
**੩ ॥ ੨ ॥**

ਧੰਨ ਧੰਨ ਸਾਹਿਬ ਭਗਤ ਰਵਿਦਾਸ ਜੀ ਨੇ ਭਾਵੇਂ ਕੁੱਲੀ ਵਿੱਚ ਰਹਿ ਕੇ ਜੀਵਨ ਬਤੀਤ ਕੀਤਾ ਪ੍ਰੰਤੂ ਉਹ ਸੱਚੀ ਕਿਰਤ ਕਰਨ ਦੇ ਨਾਲ ਨਾਲ ਬਹੁਤ ਵੱਡੇ ਵਿਦਵਾਨ ਅਤੇ ਫਿਲਾਸਫਰ ਸਨ ਉਨ੍ਹਾਂ ਵੱਲੋਂ "ਬੇਗਮਪੁਰਾ ਸਹਰ ਕੋ ਨਾਉ" ਸ਼ਬਦ ਵਿੱਚ ਦੁਨਿਆਵੀ ਤੌਰ ਤੇ ਇਕ ਐਸੀ ਆਈਡਲ ਸਟੇਟ ਦੀ ਕਲਪਨਾ ਕੀਤੀ ਹੈ ਜਿਸਨੂੰ ਅਸੀਂ ਵਰਲਡ ਸਟੇਟ ਕਹਿ ਸਕਦੇ ਹਾਂ ਉਨ੍ਹਾਂ ਅਨੁਸਾਰ ਵਿਸ਼ਵ ਵਤਨ ਜਿਸ ਦਾ ਨਾਮ ਬੇਗਮਪੁਰਾ ਹੈ ਪਰਮ ਆਨੰਦ ਨਾਲ ਭਰਪੂਰ ਹੈ ਇਸ ਵਤਨ ਦਾ ਮਨੁੱਖ ਸਮਾਜਿਕ, ਸਦਾਚਾਰਕ ,ਵਿੱਦਿਅਕ ਅਤੇ ਧਾਰਮਿਕ ਆਦਿ ਹਰ ਕਿਸਮ ਦੇ ਦੁੱਖ ਤੋਂ ਮੁਕਤ ਹੈਅਤੇ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਅਤੇ ਘਬਰਾਹਟ ਨਹੀਂ। ਵਿਸ਼ਵ ਦਾ ਮਨੁੱਖ ਮਾਨਸਿਕ ਤੌਰ ਤੇ ਸੁਤੰਤਰ ਹੈ ,ਮਨੁੱਖ ਨੂੰ ਕੋਈ ਟੈਕਸ ਦੇਣ ਦੀ ਘਬਰਾਹਟ ਨਹੀਂ ਅਤੇ ਨਾ ਹੀ ਇੱਕ ਰਾਜੇ ਵੱਲੋਂ ਦੂਸਰੇ ਰਾਜਾਂ ਨੂੰ ਅਧੀਨਗੀ ਕਰ ਦੇਣ ਦੀ ਚਿੰਤਾ ਹੈ ਭਾਵ ਇਸ ਪਾਤਸ਼ਾਹੀ ਵਿੱਚੋਂ ਕੋਈ ਰਾਜਾ ਨਹੀਂ ਹੈ। ਇੱਥੇ ਸਾਮੰਤੀ ਯੁੱਗ ਦਾ ਖ਼ਾਤਮਾ ਹੈ ਇਸੇ ਕਾਰਨ ਇੱਥੇ ਕਿਸੇ ਦੀ ਕੋਈ ਜ਼ੱਦੀ ਜਾਂ ਨਿੱਜੀ ਜਾਇਦਾਦ ਨਹੀਂ ਹੈ।ਇੱਥੋਂ ਦਾ ਸ਼ਹਿਰੀ ਆਰਥਿਕ ਤੌਰ ਤੇ ਸੁਤੰਤਰ ਹੈ ,ਇਹ ਸਮਾਜਵਾਦੀ ਲੋਕਤੰਤਰ ਯੁੱਗ ਹੈ ਸੋ ਰਾਜਾਂ ਦੇ ਜ਼ੁਲਮਾਂ ਦਾ ਡਰ ਨਹੀਂ ਹੈ ।ਆਪਸੀ ਵੈਰ ਵਿਰੋਧ ਨਹੀਂ ਹੈ ।ਇਸ ਵਤਨ ਦਾ ਸ਼ਹਿਰੀ ਨਿਰਭਉ ਤੇ ਨਿਰਵੈਰ ਹੈ, ਇੱਥੋਂ ਤੱਕ ਕਿ ਇੱਛਾਵਾਂ ਤੇ ਕਾਬੂ ਹੋਣ ਕਰਕੇ ਕਿਸੇ ਵੀ ਕਿਸਮ ਦੀ ਅਵਉਨਤੀ ਦਾ ਡਰ ਨਹੀਂ ਹੈ। ਇਸ ਤਰ੍ਹਾਂ ਇੱਥੋਂ ਦਾ ਸ਼ਹਿਰੀ ਰਾਜਨੀਤਕ ਤੌਰ ਤੇ ਸੁਤੰਤਰ ਹੈ ਸਿੱਟੇ ਵਜੋਂ ਵਿਸ਼ਵ ਵਤਨ ਹਰ ਪੱਖੋਂ ਪਰਮ ਆਨੰਦ ਨਾਲ ਭਰਪੂਰ ਹੈ ।

ਹੇ ਮੇਰੇ ਭਾਈ ! ਹੁਣ ਮੈਂ ਅਜਿਹੇ ਉੱਤਮ ਵਤਨ ਦਾ ਸ਼ਹਿਰੀ ਹਾਂ ਜਿੱਥੇ ਹਰ ਤਰ੍ਹਾਂ ਦਾ ਹਰ ਪੱਖੋਂ ਉਤਮ ਸੁਖ ਹੈ। ਸਦੀਵੀਂ ਪਰਮ ਆਨੰਦ ਹੈ। ਸੋ ਇਹ ਵਿਸ਼ਵ ਮਾਨਵਵਾਦੀ ਵਤਨ ਹੈ ,ਜਿਥੇ ਪਾਤਸ਼ਾਹ ਤੇ ਪਰਜਾ ਦਾ ਰਿਸ਼ਤਾ ਸਦੀਵੀ ਸੁਖ ,ਆਨੰਦ ਅਤੇ ਪਿਆਰ ਵਾਲਾ ਹੈ। ਇਹ ਸਥਿਰ, ਅਟੱਲ ਅਤੇ ਸੀਮਾ ਰਹਿਤ ਸਦੀਵੀਂ ਪਾਤਸ਼ਾਹੀ ਹੈ। ਇਹ ਰੂਹਾਨੀ ਵਿਸ਼ਵ ਵਤਨ ਸਦਾ ਤੋਂ ਹੀ ਪ੍ਰਸਿੱਧ ਹੈ। ਇਸ ਦੇ ਸ਼ਹਿਰੀ ਦੂਜੇ ਅਤੇ ਤੀਜੇ ਦਰਜੇ ਦੇ ਨਹੀਂ ਹਨ, ਉਨ੍ਹਾਂ ਕੋਲ ਹਰ ਪੱਖੋਂ ਹਰ ਖੇਤਰ ਵਿੱਚ ਬਰਾਬਰੀ ਵਾਲੇ ਅਧਿਕਾਰ ਹਨ ।ਉਹ ਸਦਾਚਾਰਕ ਅਤੇ ਆਤਮਕ ਸ਼ਕਤੀ ਵਿੱਚ ਭਰਪੂਰ ਸੂਝ ਬੂਝ ਅਤੇ ਸਬਰ ਸੰਤੋਖ ਵਾਲੇ ਹਰ ਪੱਖੋਂ ਸੰਤੁਸ਼ਟ ਹਨ। ਇੱਥੇ ਤਾਨਾਸ਼ਾਹੀ ਨਹੀਂ ਹੈ, ਇਹ ਵਿਸ਼ਵ ਸਰਕਾਰ ਨਿਆਂ ਬਰਾਬਰੀ ਅਤੇ ਅਤੇ ਪਿਆਰ ਵਿੱਚ ਜਨਮੀ ਹੈ ।ਇਸ ਦਾ ਭਾਈਚਾਰਾ ਸੂਝ ਬੂਝ ,ਸਬਰ ਸੰਤੋਖ ਸਦਾਚਾਰਕ ਅਤੇ ਆਤਮਕ ਸ਼ਕਤੀ ਸੰਪੰਨ ਹੈ।

ਬੇਗਮਪੁਰਾ ਦੇ ਵਾਸੀ ਜਿੱਥੇ ਵੀ ਚਾਹੁਣ ਆਨੰਦ ਨਾ ਘੁੰਮ ਫਿਰ ਸਕਦੇ ਹਨ। ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਨਹੀਂ ਰੋਕਦੇ ।ਭਾਵ ਪਰਜਾ ਪਾਤਸ਼ਾਹ ਦੇ ਹਰ ਭੇਦ ਤੋਂ ਜਾਣੂ ਹੈ। ਪਾਤਸ਼ਾਹ ਤੇ ਪਰਜਾ ਦੇ ਪਰਸਪਰ ਸਬੰਧਡੂੰਘੇ ਵਿਸ਼ਵਾਸ ਅਤੇ ਪ੍ਰੇਮ ਤੇ ਟਿਕੇ ਹੋਏ ਹਨ ।ਇਸ ਵਤਨ ਦੇ ਵਾਸੀ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਵੀ ਇਸ ਵਿਸ਼ਵ ਵਤਨ ਦਾ ਸ਼ਹਿਰੀ ਹੈ ,ਉਹੋ ਹੀ ਸਾਡਾ ਮਿੱਤਰ ਹੈ , ਭਾਵ ਸਮੁੱਚਾ ਵਿਸ਼ਵ ਸਮਾਜ ਮਿੱਤਰਤਾ ਵਿਚ ਬੱਝਿਆ ਹੋਇਆ ਹੈ। ਵਿਸ਼ਵ ਭਾਈਚਾਰੇ ਦਾ ਆਧਾਰ ਕੇਵਲ ਤੇ ਕੇਵਲ ਆਪਸੀ ਪਿਆਰ ਹੀ ਹੈ। ਇਹੋ ਹੀ ਵਿਸ਼ਵ ਸਰਕਾਰ ਦਾ ਆਧਾਰ ਅਤੇ ਇਹੋ ਹੀ ਬੇਗਮਪੁਰਾ ਹੈ ਸੋ ਗੁਰੂ ਸਾਹਿਬ ਜੀ ਵੱਲੋਂ ਦਰਸਾਇਆ ਬੇਗਮਪੁਰਾ ਸਮਾਜ ਦੇ ਦੱਬੇ ਕੁਚਲੇ ਵਰਗ ਲਈ ਗੁਰੂ ਰਵਿਦਾਸ ਜੀ ਦੀ ਕਲਪਨਾ ਸੀ। ਜਿਸ ਦੀ ਪੂਰਤੀ ਲਈ ਅੱਜ ਸਾਨੂੰ ਆਪਣੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਨੂੰ ਸਮਝਾਉਣ ਲਈ ਪਿੰਡ ਪਿੰਡ ਚੇਤਨਾ ਪਰਖ ਪ੍ਰੀਖਿਆਵਾਂ, ਸੈਮੀਨਾਰ ਅਤੇ ਵਿਚਾਰ ਚਰਚਾਵਾਂ ਕਰਾਉਣ ਦੀ ਅਣਸਰਦੀ ਲੋੜ ਹੈ ਕਿਤੇ ਅਜਿਹਾ ਨਾ ਹੋ ਜਾਵੇ ਕਿ ਅਸੀਂ ਪੂਜਾ ਹੀ ਕਰਦੇ ਰਹਿ ਜਾਈਏ ਸਗੋਂ ਸਾਨੂੰ ਸਭ ਨੂੰ ਹਕੀਕੀ ਕੰਮ ਨੂੰ ਵੀ ਪੂਜਾ ਸਮਝਣ ਦੀ ਲੋੜ ਬਣਦੀ ਹੈ ਤਾਂ ਜੋ ਬੇਗਮਪੁਰੇ ਦੇ ਸੰਕਲਪ ਨੂੰ ਪੂਰਾ ਕੀਤਾ ਜਾ ਸਕੇ ॥

# ਚੁੱਪ ਦੀ ਵੀ ਜ਼ਬਾਨ ਹੁੰਦੀ ਹੈ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**

ਚੁੱਪ ਮਨੁੱਖੀ ਜ਼ਿੰਦਗੀ ਦਾ ਅਹਿਮ ਤੇ ਰਹੱਸਮਈ ਪਹਿਲੂ ਹੈ. ਜਿਸ ਦੇ ਹਾਵ-ਭਾਵ ਦੀ ਕਿਰਿਆ ਹੀ ਜਵਾਬਦਾਰ ਹੁੰਦੀ ਹੈ । ਚੁੱਪ ਦੀ ਭਾਸ਼ਾ ਨੂੰ ਸਮਝਣਾ ਜਾ ਵੱਸ ਵਿਚ ਕਰਨਾ ਅਸਾਨ ਨਹੀ ।ਜਿਸ ਦੀ ਪ੍ਰੋੜਤਾ ਗੁਰਬਾਣੀ ਦੀਆ ਤੁਕਾ " ਚੁੱਪਾਂ ਚੁੱਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ" ਵਿਚ ਵੀ ਦਰਸਾਇਆ ਹੈ ।ਭਾਂਵੇ ਆਪਣਾ ਧਿਆਨ ਕਿਤੇ ਵੀ ਕੇਂਦਰਤ ਕਰਨ ਦੀ ਕੋਸਿਸ ਕਰੀਏ ਫਿਰ ਵੀ ਚੁੱਪ ਨਹੀ ਰਿਹ ਸਕਦੇ ।ਮਨ ਦੇ ਸਹਿਜ ਵਿਚਾਰ ਜਾ ਬਾਹਰੀ ਸੰਸਾਰ ਦਾ ਅਵੱਲੜ ਵਰਤਾਰਾ ਚੁੱਪ ਨਾਲ ਸਹਿਚਾਰ ਨਹੀ ਬਣਨ ਦਿੰਦਾ। ਬੋਲਣਾ ਬਹੁਤ ਅਸਾਨ ਕਾਰਜ ਹੈ ।ਪਰ ਅਜਿਹੇ ਅਨੇਕ ਪੜਾਅ ਹਨ ਜਿੱਥੇ ਵਕਤ ਦੇ ਤਕਾਜੇ ਨਾਲ ਚੁੱਪ ਰਹਿਣਾ ਹੀ ਠੀਕ ਸਮਝਿਆ ਜਾਂਦਾ ਹੈ ਅਕਸਰ ਸਿਆਣੇ ਸਮਝਾਉਂਦੇ ਹਨ,ਜੇ ਲੜਾਈ ਵਿੱਚ ਇੱਕ ਧਿਰ ਚੁੱਪ ਹੋ ਜਾਵੇ ਬਹੁਤੇ ਮਸਲਾ ਹੱਲ ਹੋ ਜਾਂਦੇ ਹਨ ।ਤੋਲ ਕੇ ਬੋਲੇ ਸਬਦਾ ਨਾਲ ਹੀ ਘਰ ਬੱਝੇ ਰਹਿੰਦੇ ਹਨ ਜਿਸ ਸਕਦਾ ਸਰੀਕੇ ਵਿਚ ਕੁਨਬੇ ਦੇ ਰੁਤਬੇ ਦਾ ਵਾਧਾ ਹੁੰਦਾ ਹੈ. ਚੁੱਪ ਹੀ ਉਮਰ ਭਰ ਰਿਸਤੇ ਨਿਭਾਉਣ ਵਿਚ ਸਹਾਈ ਹੈ. ਸਾਇਦ ਇਸੇ ਲਈ ਪੰਜਾਬੀ ਦਾ ਅਖਾਣ " ਇਕ ਚੁਪ ਸੋ ਸੁੱਖ " ਸਮਾਜਿਕ ਵਿਵਹਾਰ ਦਾ ਹਿੱਸਾ ਬਣ ਗਿਆ।ਅਜਿਹੇ ਅਨੇਕਾ ਕੰਮਾਂ ਜੋ ਸੁਣਨ ਨਾਲ ਹੀ ਸਮਝੇ ਜਾ ਸਕਦੇ ਹਨ. ਪਰ ਸਮਝਣ ਲਈ ਲਈ ਚੁੱਪ ਜਰੂਰੀ ਹੈ. ਸਿੱਖਣ ਤੇ ਸਮਝਣ ਲਈ ਚੁੱਪ ਬੋਲਣ ਦੇ ਬਰਾਬਰ ਦੀ ਅਹਿਮੀਅਤ ਹੈ. ਇਸੇ ਲਈ ਅੰਗਰੇਜੀ ਭਾਸ਼ਾ ਨੇ ਸਬਦ ਅਤੇ ਅੱਖਰਾਂ ਦੀ ਗਿਣਤੀ ਵਿੱਚ ਮਾਸਾ ਫਰਕ ਨਹੀ . ਜੋ ਚੁੱਪ ਅਤੇ ਸੁਣਨ ਦੀ ਮਹਾਨਤਾ ਦੀ ਸਮਾਨਤਾ ਨੂੰ ਦਰਸਾਉਂਦਾ ਹੈ.ਇਹ ਸਾਡੀ ਕਲਪਨਾ ਦੇ ਅਲੋਕਾਰੀ ਵਿਚਾਰਾ ਵਿਚ ਵਾਧਾ ਕਰਦੀ ਹੈ. ਉਸ ਉਮਦਾ ਖਜਾਨੇ ਨੂੰ ਲੇਖਣੀ ਜਾਂ ਨਾਟ ਕਲਾ ਰਾਹੀਂ ਪੇਸ ਕਰ ਸਕਦੇ ਹਾਂ.

ਚੁੱਪ ਲਾਤੀਨੀ ਭਾਸ਼ਾ ਦੇ ਸਬਦ ਸਾਈਲੈਂਸ ਤੋਂ ਆਇਆ ਹੈ ਜਿਸਦਾ ਅਰਥ ਸਾਂਤ ਜਾਂ ਆਵਾਜ ਦੀ ਅਣਹੋਂਦ ਹੈ ।ਜੋ ਧਿਆਨ ਨੂੰ ਉਤਸਾਹਿਤ ਕਰਦੀ ਤੇ ਇਕਾਗਰਤਾ ਨੂੰ ਵਧਾਉਂਦੀ ਹੋਈ ਛੁਪੀ ਕਲਾ ਨਾਲ ਜੁੜਨ ਦੀ ਆਗਿਆ ਦਿੰਦੀ ਹੈ। ਜਿਸ ਨਾਲ ਸੋਚਣ ਅਤੇ ਕੰਮ ਕਰਨ ਦੀ ਸਕਤੀ ਪ੍ਰਪਤ ਕਰਦੇ ਹਾ।ਪਰ ਅਜੋਕੇ ਸਮੇ ਚੁੱਪ ਸਬਦ ਖੌਫ ਨਾਲ ਜੋੜ ਦਿੱਤਾ ।ਚੁੱਪ ਨੂੰ ਅੰਦਰੂਨੀ ਤੌਰ ਤੇ ਖਤਰਨਾਕ, ਸਮਾਜ ਵਿਰੋਧੀ ਜਾਂ ਅਸਧਾਰਨ ਵਜੋਂ ਦੇਖਦੇ ਹਾਂ। ਨੇਤਾਵਾਂ ਦਾ ਬੋਲਣਾ ਭੈਭੀਤ ਨਹੀਂ ਕਰਦਾ ਸਗੋਂ ਉਹਨਾਂ ਦੇ ਮੂੰਹ ਤੇ ਪੱਸਰੀ ਚੁੱਪ ਨਾਲ ਸਨਾਟਾ ਫੈਲ ਜਾਦਾ ਹੈ. ਜਿਸਦੇ ਬੋਲਣ ਨਾਲ ਨੀਤੀਆਂ ਬਣਦੀਆਂ ਤੇ ਬਦਲਦੀ ਅਤੇ ਪਾਰਟੀ ਦੀ ਦਸਾ ਰਾਤੋ ਰਾਤ ਬਦਲ ਜਾਂਦੀ ਹੈ. ਹਨ. ਉਸੇ ਤਰ੍ਹਾਂ ਅੱਲ੍ਹੜ ਉਮਰੇ ਦੀ ਚੁੱਪ ਮਾਪਿਆਂ ਦਾ ਚੈਨ ਉਡਾ ਦਿੰਦੀ ਹੈ. ਭਾਵੇਂ ਉਹ ਅਣਬੁੱਝੇ ਸਵਾਲਾਂ ਦੇ ਫੈਸਲੇ ਸਾਰਥਿਕ ਹੀ ਹੋਵਣ. ਕੁਝ ਤਰਕਹੀਣ ਤੱਥਾ ਕਾਰਨ ਅਸੀਂ ਚੁੱਪ ਤੋਂ ਡਰਦੇ ਅਤੇ ਨਫਰਤ ਕਰਦੇ ਹਾਂ ।ਇਸ ਤੋਂ ਬਚਣ ਲਈ ਹਰ ਸੰਭਵ ਕੋਸ਼ਿ?ਸ ਹੁੰਦੀ ਹੈ। ਲੰਡਨ ਦੀ ਲੇਖਿਕਾ ਸਾਰਾ ਮੈਟਲੈਂਡ ਨੇ ਆਪਣੀ ਪ੍ਰਕਾਸ਼ਨ "ਚੁੱਪ ਦੀ ਕਿਤਾਬ" ਵਿੱਚ ਕਿਹਾ ਕਿ ਚੁੱਪ ਸਿਰਫ ਆਵਾਜ ਦੀ ਅਣਹੋਂਦ ਨਹੀਂ ਹੈ, ਇਹ ਇਸ ਤੋਂ ਵੱਧ ਹੈ। ਚੁੱਪ ਇੱਕ ਕੁਦਰਤੀ ਵਰਤਾਰਾ ਹੈ ਜੋ ਰਚਨਾਤਮਕ ਊਰਜਾ ਦਾ ਇੱਕ ਸਰੋਤ ਹੋ ਸਕਦਾ ਹੈ ਇਸ ਤੋਂ ਬਚਣ ਦੀ ਬਜਾਏ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਲਾਭ ਲੈਣਾ ਚਾਹੀਦਾ ਹੈ।ਅਸੀਂ ਆਪਣੀ ਜ਼ਿ?ਦਗੀ ਵਿੱਚ ਚੁੱਪ ਦੀ ਕਦਰ ਨਹੀਂ ਕਰਦੇ ਉਲਟਾ ਰੌਲੇ-ਰੱਪੇ ਦੇ ਆਦੀ ਹੋ ਗਏ ਹਾਂ ।ਵਿੰਡਵਨਾ ਇਹ ਵੀ ਹੈ ਅਗਸਤ 2021 ਦੇ ਕੌਮਾਂਤਰੀ ਸਰਵੇ ਅਨੁਸਾਰ ਭਾਰਤ ਸਾਂਤ ਦੇਸ਼ਾ ਦੇ ਰੈਂਕ ਵਿੱਚ 135ਵਾਂ ਸਥਾਨ ਅਤੇ ਆਇਸਲੈਂਡ ਪਹਿਲੇ ਸਥਾਨ ਤੇ ਹੈ ।ਜਦੋ ਕਿ ਭਾਰਤ ਉਸ ਤੋ 32 ਗੁਣਾ ਵੱਡਾ ਤੇ ਵਾਧੂ ਵਿਕਾਸ ਦੇ ਸੋਮੇ ਮੋਜੂਦ ਹਨ

ਚੁੱਪ ਵਿੱਚ ਰਚਨਾਤਮਕਤਾ ਕਿਰਿਆ ਦਾ ਅਹਿਮ ਪਹਿਲੂ ਛੁਪਿਆ ਹੈ ।ਧਰਤੀ ਉਪਰ ਜੀਵਤ ਪ੍ਰਣਾਲੀਆ ਨਾਲੋ ਮਨੁੱਖ ਦਿਮਾਗੀ ਤੋਰ ਤੇ ਵਧੇਰੇ ਵਿਕਸਤ ਹੈ ।ਪਰ ਕੁਝ ਗੈਰ-ਸਿਹਤਮੰਦ ਆਦਤਾਂ ਦੁਆਰਾ ਇਹ ਗੁਣ ਨਵਾਣ ਵੱਲ ਜਾ ਰਿਹਾ ਹੈ ।ਕਿਸੇ ਵੀ ਕਿਰਿਆ ਸਮੇ ਅਸਾਂਤ ਵਾਤਾਵਰਨ ਯਕੀਨੀਨ ਇਕਾਗਰਤਾ ਨੂੰ ਪ੍ਰਭਾਵਤ ਕਰਦਾ ਹੈ। ਨਤੀਜੇ ਵਜੋਂ ਕੰਮ ਦੀ ਗੁਣਵੱਤਾ ਉਪਰ ਅਸਰ ਪੈਦੇ ਹੈ ।ਰਚਨਾਤਮਕਤਾ ਨੂੰ ਚੁੱਪ ਅਤੇ ਸਾਂਤ ਵਾਤਾਵਰਨ ਦੀ ਲੋੜ ਹੁੰਦੀ ਹੈ। ਇਹ ਮਹੌਲ ਲਿਖਾਵਟ ਲਈ ਫਸਲਾਂ ਨੂੰ ਲੋੜੀਂਦੀ ਖਾਦ ਵਾਗ ਹੈ ।ਜੋ ਰਚਨਾਕਾਰ ਨੂੰ ਪ੍ਰਤਿਭਾ ਵਿਕਸਤ ਕਰਨ ਅਤੇ ਡੂੰਘਾਈ ਨਾਲ ਸੋਚਣ ਦੀ ਆਗਿਆ ਦਿੰਦਾ ਹੈ । ਅਜਿਹਾ ਪ੍ਰੇਰਨਾਮਈ ਪਲ ਬੁੱਧੀਜੀਵੀ, ਚਿੰਤਕ, ਕਲਾਕਾਰ, ਲੇਖਕ, ਖੋਜਕਾਰ ਹਮੇਸਾਂ ਲੋਚਦੇ ਹਨ ਤਾਂ ਜੋ ਕੋਮਲ ਅਹਿਸਾਸਾ ਨੂੰ ਲੈਅ ਬੰਧ ਕਰ ਸਕਣ ।ਇਬਾਰਤ ਵੀ ਚੁੱਪ ਦੀ ਉਪਜ ਹੈ ।ਪਰਸੀਅਨ ਅਦਬੀ ਕਲਮਕਾਰ ਰੂਮੀ ਨੇ ਚੁੱਪ ਦੀ ਮਹਾਨਤਾ ਬਾਰੇ ਲਿਖਿਆ " ਕਿ ਚੁੱਪ ਇੱਕ ਸਮੁੰਦਰ ਵਾਂਗ ਹੈ ।ਬੋਲੀ ਜਿਸ ਦਾ ਦਰਿਆਈ ਵਹਾਅ ਹੈ। ਜਦੋਂ ਸਮੁੰਦਰ ਤੁਹਾਨੂੰ ਲੱਭ ਰਿਹਾ ਹੋਵੇ ਤਾ ਨਦੀ ਵੱਲ ਨਾ ਜਾਓ, ਸਮੁੰਦਰ ਨੂੰ ਸੁਣੋ " ਇਸ ਲਈ ਚੁੱਪ ਨੂੰ ਰਚਨਾਤਮਕਤਾ ਦਾ ਸੋਮਾ ਕਿਹਣ ਵਿੱਚ ਕੋਈ ਅਤਿਕਥਨੀ ਨਹੀ ਹੋਵੇਗਾ ।"

ਚੁੱਪ ਅੰਦਰੂਨੀ ਤੋਰ ਤੇ ਉਤਸਾਹਿਤ ਅਤੇ ਵਿਸਵਾਸ ਪੈਦਾ ਕਰਦੀ ਹੈ।ਅਸੀ ਬਾਹਰੀ ਵਿਚਾਰਾਂ ਤੋ ਹਟਕੇ ਅੰਤਰਮੁੱਖੀ ਗਿਆਨ ਵੱਲ ਕੇਂਦਰਿਤ ਹੁੰਦੇ ਹਾਂ ।ਜਿਸ ਨਾਲ ਦਿਮਾਗ ਨੂੰ ਅਲੌਕਿਕ ਸਕਤੀ ਪ੍ਰਾਪਤ ਹੁੰਦੀ ਹੈ। ਉਸੇ ਤਰ੍ਹਾਂ ਸੰਸਾਰ ਨੂੰ ਦੇਖਣਾ ਸੁਰੂ ਕਰ ਦਿੰਦੇ ਹਾਂ ਜਿਵੇਂ ਇਹ ਹੋਣਾ ਚਾਹੀਦਾ ਹੈ। ਸਾਡੇ ਵਿਚਾਰ ਕਦੇ-ਕਦੇ ਸਾਡੀ ਅਸਲੀਅਤ ਦੇ ਰਾਹ ਵਿੱਚ ਆ ਜਾਂਦੇ ਹਨ । ਅਸੀਂ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਨੂੰ ਨਹੀਂ ਦੇਖਦੇ ।ਜਦੋਂ ਚੁੱਪ ਹੁੰਦੀ ਹੈ ਤਾਂ ਆਤਮ-ਨਿਰੀਖਣ ਅਤੇ ਸੱਚੇ-ਮਨ ਨੂੰ ਬੋਲਣ ਦੀ ਇਜਾਜਤ ਮਿਲਦੀ ਹੈ ।ਜਿਸ ਸਦਕੇ ਅਟਲ ਸਚਾਈ ਆਪ-ਮੁਹਾਰੇ ਪ੍ਰਕਰਮਾ ਕਰਦੀ ਹੈ । ਇਹ ਅੰਦਰੂਨੀ ਆਵਾਜ ਨੂੰ ਸਮਝਣ,ਸੁਣਨ ਅਤੇ ਸੋਚਣ ਦੇ ਯੋਗ ਬਣਾਉਂਦੀ ਹੈ। ਇਹ ਆਪਣੇ ਆਪ ਨੂੰ ਜਾਨਣ ਦਾ ਉਤਮ ਮੌਕਾ ਹੁੰਦਾ ਹੈ ।ਚੁੱਪ ਸਾਡੀਆਂ ਕਦਰਾਂ-ਕੀਮਤਾਂ, ਖੂਬੀਆਂ , ਵਿਰਤੀਆਂ , ਸੀਮਾਵਾਂ ਲੱਭ ਟੀਚੇ ਮਿਥ ਕੇ ਸਹੀ ਦਿਸਾ ਵੱਲ ਮੋੜਦੀ ਹੈ।

ਚੁੱਪ ਮਾਨਸਿਕ ਤੇ ਸਰੀਰਕ ਤੋਰ ਤੇ ਸਕੂਨ ਪ੍ਰਦਾਨ ਕਰਦੀ ਹੈ ।ਇਸੇ ਲਈ ਧਾਰਮਿਕ ਸਥਾਨਾ ਅਤੇ ਹਸਪਤਾਲਾ ਵਿੱਚ ਟਿਕਾ ਵਾਲੇ ਮਹੌਲ ਦਾ ਖਾਸ ਧਿਆਨ ਰੱਖਦੇ ਹਨ ਜਿਸ ਦੀ ਆਧੁਨਿਕ ਜੀਵਨ ਵਿੱਚ ਅਤਿ ਘਾਟ ਰੜਕਦੀ ਹੈ ।ਲੋਕਾ ਦੀ ਬੇਚੈਨੀ ਦਰਸਾਉਂਦੀ ਹੈ ਕਿ ਉਹ ਚੁੱਪ ਤੋਂ ਕਿੰਨੇ ਦੂਰ ਹਨ । ਹਾਈਪਰਐਕਟੀਵਿਟੀ ਦੀ ਸਮੱਸਿਆ ਵਧਦੀ ਜਾ ਰਹੀ ਹੈ ਜੋ ਦਿਮਾਗੀ ਰੌਲੇ-ਰੱਪੇ ਚਲਦਿਆ ਸ਼ਾਂਤ ਹੋਣ ਤੋਂ ਰੋਕਦੀ ਹੈ। ਅਸੀਂ ਵਰਤਮਾਨ ਪਲ ਨੂੰ ਜੀਣ ਲਈ ਅਤੀਤ ਅਤੇ ਭਵਿੱਖ ਨੂੰ ਭੁੱਲ ਜਾਂਦੇ ਹਾਂ। ਕਈ ਵਾਰ ਅਸਾਂਤ ਸਮੇ ਅਤੇ ਊਣੇ ਗਿਆਨ ਦੇ ਬੋਲ ਨਾਸੂਰ ਬਣ ਉਭਰਦੇ ਹਨ ।ਅਜਿਹੇ ਮੌਕੇ ਸੁਲਝੇ ਮਨੁੱਖ ਨੂੰ ਸਾਂਤ ਰਿਹਣਾ ਹੀ ਸਹੀ ਜਾਪਦਾ ਹੈ ।ਜਿਸਦੀ ਹਾਮੀ ਗੁਰਾ ਦੀ ਬਾਣੀ " ਜਿਥੈ ਬੋਲਿਣ ਹਾਰੀਐ,ਤਿਥੈ ਚੰਗੀ ਚੁੱਪ " ਦਾ ਵਾਕ ਵੀ ਹਾਰਨ ਦੀ ਬੋਲੀ ਬੋਲਣ ਤੋ ਵਰਜਿਤ ਕਰਦੇ ਹੋਏ ਚੁੱਪ ਰਿਹਣ ਵਿੱਚ ਹੀ ਭਲਾ ਫਰਮਾਉਦੇ ਹਨ ।ਸੂਫੀ ਕਵੀ ਬਾਬਾ ਬੁੱਲ੍ਹੇ ਸ਼ਾਹ ਨੇ ਚੁੱਪ ਅਤੇ ਸਮਾਜਿਕ ਪ੍ਰੰਮਪਰਾ ਸਬੰਧੀ ਰਚੀ ਵਿਲੱਖਣ ਰਚਨਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਸ਼ਮਾਨ ਹੈ। ਜਿਸ ਰਾਹੀ ਮਨੁੱਖੀ ਫਿਤਰਤ ਦਾ ਅਸਲ ਚਿਹਰਾ ਉਜਾਗਰ ਹੋਇਆ .

**ਸੱਚ ਸੁਣਦੇ ਲੋਕ ਨਾ ਸਹਿੰਦੇ ਨੀ,**<br>
**ਸੱਚ ਆਖੀਏ ਤਾਂ ਗਲ ਪੈਂਦੇ ਨੀ.**<br>
**ਫਿਰ ਸੱਚੇ ਪਾਸ ਨਾ ਬਹਿੰਦੇ ਨੀ,**<br>
**ਸੱਚ ਮਿੱਠਾ ਆਸਕ ਪਿਆਰੇ ਨੂੰ.**<br>
**ਚੁੱਪ ਕਰਕੇ ਕਰੀਂ ਗੁਜਾਰੇ ਨੂੰ.**

ਚੁੱਪ ਨਾਲ ਸੁਣਨ ਦਾ ਮੌਕਾ ਮਿਲਦਾ ਹੈ । ਦੂਜਿਆ ਨਾਲ ਗੱਲਬਾਤ ਦੌਰਾਨ ਚੁੱਪ ਇਕ ਸਤਿਕਾਰਤ ਚਿੰਨ ਹੈ ।ਚਿਹਰੇ ਦੇ ਹਾਵ-ਭਾਵ ਨਾਲ ਲੱਗੀ ਹਾਜਰੀ ਬੁਲਾਰੇ ਦਾ ਹੋਸਲਾ ਬੁਲੰਦ ਕਰਦੀ ਹੈ ।ਇਸ ਦੇ ਉਲਟ ਜਦੋਂ ਟੋਕਦੇ ਹਾ ਜਾਂ ਸੁਣਦੇ ਨਹੀਂ ਤਾਂ ਇਹ ਦਰਸਾ ਰਹੇ ਹੋ ਕਿ ਦੂਜੇ ਵਿਅਕਤੀ ਦੇ ਵਿਚਾਰ ਮਹੱਤਵਪੂਰਨ ਨਹੀਂ ।ਦਿਮਾਗੀ ਚੁੱਪ ਵੀ ਉਨੀ ਹੀ ਜਰੂਰੀ ਹੈ ਤਾ ਜੋ ਅੰਦਰੂਨੀ ਆਵਾਜ ਨੂੰ ਸੁਣਨ ਦਾ ਮੌਕਾ ਮਿਲ ਸਕੇ ।ਇਹ ਸਾਨੂੰ ਗਲਤ ਵਿਚਾਰਾਂ ਤੋਂ ਬਚਾਉਣ ਅਤੇ ਮਾਨਸਿਕ ਸੋਰ ਨੂੰ ਖਤਮ ਕਰਨ ਦੇ ਯੋਗ ਬਣਾਉਂਦੀ ਹੈ ।ਆਪਣੇ ਮਨ ਨੂੰ ਸਾਂਤ ਕਰ ਵਧੇਰੇ ਕੁਸਲਤਾ ਨਾਲ ਕੰਮ ਕਰ ਸਕਦੇ ਹਾਂ ।ਸਾਡੇ ਰੋਜਾਨਾ ਜੀਵਨ ਵਿੱਚ ਮਾਨਸਿਕ ਚੁੱਪ ਦਾ ਟੀਚਾ ਹੋਣਾ ਚਾਹੀਦਾ ਹੈ। ਜੇਕਰ ਮਾਨਸਿਕ ਤੌਰ 'ਤੇ ਸਾਂਤ ਹਾਂ ਮੁਸਕਲ ਸਮੱਸਿਆਵਾਂ ਦਾ ਨਿਬੇੜਾ ਕਰ ਸਕਦੇ ਹਾਂ । ਜੀਵਨ ਦੀ ਬੇਹਤਰੀ ਲਈ ਜੂਝਣ ਤੋ ਨਹੀ ਡਰਦੇ ।ਸਾਨੂੰ ਅਸਮਾਨ ਵਾਂਗ ਵਡੇਰਾ ਦੂਜਿਆਂ ਦੇ ਵਿਚਾਰਾਂ ਨੂੰ ਬਰਦਾਸਤ ਕਰਨ ਲਈ ਅਤੇ ਸਮੁੰਦਰ ਵਾਂਗ ਡੂੰਘਾ ਹੋਣਾ ਚਾਹੀਦਾ ਹੈ ਜਿੱਥੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਡੁੱਬ ਜਾਵਣ ।ਚੁੱਪ ਬਾਰੇ ਨਕਾਰਾਤਮਕ ਅਕਸ ਬਦਲਣਾ ਚਾਹੀਦਾ ਹੈ। ਚੁੱਪ ਦੇ ਗੁਝੇ ਭੇਤ ਸਮਝ ਹੀ ਜਿੰਦਗੀ ਦੇ ਫਲਸਫੇ ਨੂੰ ਸਿੰਝਣ ਵਿਚ ਮੱਦਦ ਮਿਲਦੀ ਹੈ । ਬੇਸੱਕ ਵਿਗਿਆਨ ਅਤੇ ਤਕਨਾਲੋਜੀ ਨੇ ਜੀਵਨ ਨੂੰ ਸੁਖਾਲਾ ਬਣਾ ਦਿੱਤਾ। ਪਰੰਤੂ ਲੋਕ ਅਨੈਤਿਕ ਉਦੇਸ ਲਈ ਕਾਢਾਂ ਦੀ ਦੁਰਵਰਤੋਂ ਵੱਲ ਤੁਰ ਪਏ ।ਜਿਸ ਨੇ ਸਾਂਤੀ ਅਤੇ ਸਦਭਾਵਨਾ ਨਾਲ ਰਹਿਣ ਦੇ ਤਰੀਕਿਆਂ ਨੂੰ ਪਾਸੇ ਸੁਟਿਆ ।ਹੋਰ ਅਨੇਕਾ ਵਸਤਾ ਹਨ ਉਝ ਮੋਬਇਲ ਦੀ ਕਾਢ ਨੇ ਹੀ ਪੂਰੀ ਦੁਨੀਆ ਦੇ ਸਾਰੇ ਪੱਖਾ ਨੂੰ ਝੰਜੋੜ ਕੇ ਰੱਖ ਦਿੱਤਾ ।ਅਥਾਹ ਸਕਤੀ ਦੇ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਆਉਂਦੀ ਹਨ ।ਵਿਨਾਸਕਾਰੀ ਪੱਖ ਨਾਲੋ ਸਿੱਖਿਆ, ਸਿਹਤ ਅਤੇ ਉਤਪਾਦਕ ਸਾਧਨਾਂ ਦੀ ਮੁੱਢਲੀ ਲੋੜ ਹੈ ।ਜੋ ਸ਼ਾਤ ਮਹੌਲ ਦੀਆ ਬੁਨਿਆਦਾ ਹਨ ।ਇਹ ਰਾਹ ਕੁਦਰਤ ਨਾਲ ਜੁੜਨ ਦਾ ਸਰਲ ਮਾਰਗ ਹੈ ।ਜਿਸ ਦੀਆ ਪਗਡੰਡੀਆ ਚੁਪ ਵਿਚੋ ਹੋ ਗੁਜਰ ਦੀਆ ਹਨ ।ਇਸ ਤੋ ਬਿਨਾ ਕੁਦਰਤ ਦੀਆ ਅਸੀਮ ਨਿਆਮਤਾ ਨੂੰ ਮਾਨਣ ਦਾ ਕੋਈ ਹੋਰ ਬਦਲ ਨਹੀ ।ਸੋ ਆਉ ਚੁੱਪ ਦੇ ਅਣਮੁੱਲੇ ਖਜਾਨੇ ਦੀ ਦਾਤ ਨਾਲ ਜੀਵਨ ਸ਼ਫਲ ਬਣਾਈਏ ਤੇ ਚੋਗਿਰਦਾ ਨੂੰ ਸਾਂਤ ਵਾਤਾਵਰਨ ਦੀ ਸੋਹ ਨਾਲ ਰੂਹਾਨੀ ਰੰਗ ਵਿੱਚ ਰੰਗੀਏ ।







**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**





# ਖ਼ੁਸ਼ੀ ਤੇ ਸਮ੍ਰਿੱਧੀ: ਸੱਚ ਦਾ ਸ਼ਾਂਤ ਰਾਹ



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਊਜ਼ੀਲੈਂਡ

ਲੋਕ ਹਰ ਰੋਜ਼ ਖ਼ੁਸ਼ੀ ਤੇ ਸਮ੍ਰਿੱਧੀ ਦੀ ਗੱਲ ਕਰਦੇ ਹਨ। ਇਹ ਸ਼ਬਦ ਭਾਸ਼ਣਾਂ, ਗੱਲਬਾਤਾਂ, ਸਲਾਹਾਂ, ਦੁਆਵਾਂ ਅਤੇ ਸ਼ੁਭਕਾਮਨਾਵਾਂ ਵਿੱਚ ਸੁਣਾਈ ਦਿੰਦੇ ਹਨ। ਪਰ ਜਦੋਂ ਮੈਂ ਆਪਣੇ ਆਲੇ-ਦੁਆਲੇ ਵੇਖਦਾ ਹਾਂ, ਤਾਂ ਬਹੁਤ ਘੱਟ ਲੋਕ ਅਸਲ ਵਿੱਚ ਸਦਾ ਖ਼ੁਸ਼ ਦਿਖਾਈ ਦਿੰਦੇ ਹਨ। ਬਹੁਤ ਘੱਟ ਲੋਕਾਂ ਦੇ ਚਿਹਰਿਆਂ 'ਤੇ ਸ਼ਾਂਤੀ ਨਜ਼ਰ ਆਉਂਦੀ ਹੈ। ਇਹ ਸੋਚ ਮੈਨੂੰ ਪੁੱਛਣ ਲਈ ਮਜਬੂਰ ਕਰਦੀ ਹੈ ਕਿ ਅਸੀਂ ਸਾਰੇ ਇੱਕੋ ਹੀ ਚੀਜ਼ ਦੇ ਪਿੱਛੇ ਦੌੜ ਰਹੇ ਹਾਂ ਜਾਂ ਸਿਰਫ਼ ਸੋਹਣੇ ਲੱਗਣ ਵਾਲੇ ਸ਼ਬਦ ਦੁਹਰਾ ਰਹੇ ਹਾਂ?


ਮੇਰੇ ਆਪਣੇ ਤਜਰਬੇ ਮੁਤਾਬਕ, ਲੋਕ ਖ਼ੁਸ਼ੀ ਨੂੰ ਅਕਸਰ ਕਿਸੇ ਵੱਡੇ ਤਮਾਸ਼ੇ ਵਾਂਗ ਸੋਚਦੇ ਹਨ। ਉਹ ਮੰਨਦੇ ਹਨ ਕਿ ਖ਼ੁਸ਼ੀ ਤਾਲੀਆਂ, ਸ਼ੋਰ, ਮਾਨ-ਸਨਮਾਨ ਜਾਂ ਪ੍ਰਸਿੱਧੀ ਨਾਲ ਆਵੇਗੀ। ਸਮ੍ਰਿੱਧੀ ਵੀ ਲੋਕਾਂ ਨੂੰ ਉੱਚੀ ਆਵਾਜ਼ ਵਿੱਚ ਦਿਖਣੀ ਚਾਹੀਦੀ ਲੱਗਦੀ ਹੈ; ਪੈਸਾ, ਜਾਇਦਾਦ, ਕਾਮਯਾਬੀ ਦੀਆਂ ਕਹਾਣੀਆਂ ਜਾਂ ਲੋਕਾਂ ਦੀ ਮਨਜ਼ੂਰੀ ਰਾਹੀਂ। ਪਰ ਜ਼ਿੰਦਗੀ ਅਕਸਰ ਐਂਵੇ ਨਹੀਂ ਚਲਦੀ। ਸਭ ਤੋਂ ਕੀਮਤੀ ਚੀਜ਼ਾਂ ਚੁੱਪਚਾਪ ਆਉਂਦੀਆਂ ਹਨ।

ਮੈਂ ਐਸੇ ਲੋਕ ਵੇਖੇ ਹਨ ਜੋ ਸਮਾਜ ਦੇ ਹਿਸਾਬ ਨਾਲ ਕਾਮਯਾਬ ਹਨ, ਪਰ ਅੰਦਰੋਂ ਬੇਚੈਨ ਹਨ। ਉਹਨਾਂ ਦੇ ਦਿਨ ਭਰੇ ਹੋਏ ਹਨ, ਸਮਾਂ ਸਦਾ ਦੌੜਦਾ ਰਹਿੰਦਾ ਹੈ, ਪਰ ਉਹਨਾਂ ਦਾ ਮਨ ਕਦੇ ਵੀ ਆਰਾਮ ਨਹੀਂ ਕਰਦਾ। ਇੱਕ ਮੰਜ਼ਿਲ ਪੂਰੀ ਹੁੰਦੀ ਹੈ, ਤੁਰੰਤ ਦੂਜੀ ਸ਼ੁਰੂ ਹੋ ਜਾਂਦੀ ਹੈ। ਨਾ ਰੁਕਾਵਟ, ਨਾ ਸੰਤੋਖ।

ਇਹ ਲਗਾਤਾਰ ਦੌੜ ਸਮੇਂ ਦੇ ਨਾਲ ਥਕਾਵਟ ਬਣ ਜਾਂਦੀ ਹੈ; ਸਿਰਫ਼ ਸਰੀਰ ਦੀ ਨਹੀਂ, ਬਲਕਿ ਅੰਦਰਲੀ ਥਕਾਵਟ। ਐਸੀ ਥਕਾਵਟ ਜੋ ਨੀਂਦ ਨਾਲ ਵੀ ਦੂਰ ਨਹੀਂ ਹੁੰਦੀ। ਇੱਥੇ ਹੀ ਕਈ ਲੋਕ ਮਹਿਸੂਸ ਕਰਦੇ ਹਨ ਕਿ ਕੁਝ ਘੱਟ ਹੈ, ਪਰ ਉਹ ਸਮਝ ਨਹੀਂ ਪਾਂਦੇ।

ਮੈਂ ਹੌਲੀ-ਹੌਲੀ ਸਮਝਿਆ ਹੈ ਕਿ ਖ਼ੁਸ਼ੀ ਕੋਈ ਘਟਨਾ ਨਹੀਂ। ਇਹ ਕਿਸੇ ਮਿਹਨਤ ਦੇ ਅੰਤ 'ਤੇ ਮਿਲਣ ਵਾਲਾ ਇਨਾਮ ਨਹੀਂ। ਇਹ ਤਾਂ ਇੱਕ ਅੰਦਰਲਾ ਅਹਿਸਾਸ ਹੈ, ਜੋ ਉਦੋਂ ਪੈਦਾ ਹੁੰਦਾ ਹੈ ਜਦੋਂ ਜੀਵਨ ਸੱਚਾਈ ਨਾਲ ਜੀਆ ਜਾਵੇ। ਜਦੋਂ ਸੋਚ ਤੇ ਕਰਮ ਇਕ ਦੂਜੇ ਨਾਲ ਟਕਰਾਉਂਦੇ ਨਾ ਹੋਣ। ਜਦੋਂ ਦਿਖਾਵਾ ਘੱਟ ਹੋਵੇ ਤੇ ਸਵੀਕਾਰਤਾ ਵੱਧ।

ਸਮ੍ਰਿੱਧੀ ਨੂੰ ਵੀ ਵੱਖਰੇ ਤਰੀਕੇ ਨਾਲ ਦੇਖਣ ਦੀ ਲੋੜ ਹੈ। ਪੈਸਾ ਜ਼ਰੂਰੀ ਹੈ, ਇਹ ਸੱਚ ਹੈ। ਬੁਨਿਆਦੀ ਸੁਰੱਖਿਆ ਤੋਂ ਬਿਨਾਂ ਜੀਵਨ ਮੁਸ਼ਕਲ ਹੁੰਦਾ ਹੈ। ਪਰ ਇੱਕ ਹੱਦ ਤੋਂ ਬਾਅਦ ਪੈਸਾ ਅੰਦਰਲੇ ਦੁੱਖ ਨਹੀਂ ਮਿਟਾਉਂਦਾ। ਮੈਂ ਐਸੇ ਲੋਕ ਵੀ ਵੇਖੇ ਹਨ ਜਿਨ੍ਹਾਂ ਕੋਲ ਸਭ ਕੁਝ ਹੈ, ਫਿਰ ਵੀ ਚਿੰਤਾ, ਡਰ ਅਤੇ ਅਸੰਤੁਸ਼ਟੀ ਹੈ। ਦੂਜੇ ਪਾਸੇ, ਮੈਂ ਘੱਟ ਸਾਧਨਾਂ ਵਾਲੇ ਲੋਕ ਵੀ ਵੇਖੇ ਹਨ ਜੋ ਇੱਜ਼ਤ ਅਤੇ ਮਨ ਦੀ ਅਮੀਰੀ ਨਾਲ ਜੀ ਰਹੇ ਹਨ।



ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਮ੍ਰਿੱਧੀ ਸਿਰਫ਼ ਮਲਕੀਅਤ ਨਹੀਂ ਬਲਕਿ ਇਹ ਜਾਣਨ ਵਿੱਚ ਹੈ ਕਿ ਕਾਫ਼ੀ (Enough) ਕਦੋਂ ਹੁੰਦਾ ਹੈ। ਇਹ ਸਾਧਨਾਂ ਨੂੰ ਸਮਝਦਾਰੀ ਨਾਲ ਵਰਤਣ ਵਿੱਚ ਹੈ, ਨਾ ਕਿ ਸਦਾ ਹੋਰ-ਹੋਰ ਮੰਗਣ ਵਿੱਚ।

ਅੱਜ ਅਸੰਤੁਸ਼ਟੀ ਦਾ ਇੱਕ ਵੱਡਾ ਕਾਰਨ ਤੁਲਨਾ ਹੈ। ਲੋਕ ਆਪਣੀ ਜ਼ਿੰਦਗੀ ਦੂਜਿਆਂ ਨਾਲ ਤੁਲਨਾ ਕਰਦੇ ਹਨ, ਬਿਨਾਂ ਪੂਰੀ ਕਹਾਣੀ ਜਾਣੇ। ਅਸੀਂ ਸਿਰਫ਼ ਚਮਕਦਾਰ ਪਲ ਵੇਖਦੇ ਹਾਂ, ਅਸਲ ਸੰਘਰਸ਼ ਨਹੀਂ। ਆਪਣੀ ਅੰਦਰਲੀ ਜ਼ਿੰਦਗੀ ਨੂੰ ਦੂ ਜਿਆਂ ਦੀ ਦਿਖਾਵਟੀ ਜ਼ਿੰਦਗੀ ਨਾਲ ਤੋਲਦੇ ਹਾਂ। ਇਹ ਹੌਲੀ-ਹੌਲੀ ਮਨ ਨੂੰ ਜ਼ਹਿਰਲਾ ਕਰ ਦਿੰਦੀ ਹੈ। ਜਦੋਂ ਤੁਲਨਾ ਆਦਤ ਬਣ ਜਾਵੇ, ਤਾਂ ਖ਼ੁਸ਼ੀ ਅਸੰਭਵ ਹੋ ਜਾਂਦੀ ਹੈ। ਦੂਜਿਆਂ ਦੀ ਕਾਮਯਾਬੀ ਆਪਣੀ ਨਾਕਾਮੀ ਲੱਗਣ ਲੱਗਦੀ ਹੈ। ਦੂਜਿਆਂ ਦੀ ਖ਼ੁਸ਼ੀ ਆਪਣੀ ਘਾਟ। ਇਹ ਜੀਵਨ ਬਹੁਤ ਭਾਰੀ ਹੋ ਜਾਂਦਾ ਹੈ।

ਮੇਰੀ ਸੋਚ ਹੈ ਕਿ ਸ਼ਾਂਤੀ ਉਦੋਂ ਆਉਂਦੀ ਹੈ ਜਦੋਂ ਬਿਨਾਂ ਲੋੜ ਮੁਕਾਬਲਾ ਛੱਡ ਦਿੱਤਾ ਜਾਵੇ। ਜੀਵਨ ਕੋਈ ਦੌੜ ਨਹੀਂ ਜਿੱਥੇ ਸਭ ਨੇ ਇੱਕੋ ਥਾਂ ਪਹੁੰਚਣਾ ਹੋਵੇ। ਹਰ ਇਕ ਦੀ ਯਾਤਰਾ ਵੱਖਰੀ ਹੈ, ਜ਼ਿੰਮੇਵਾਰੀਆਂ ਵੱਖਰੀਆਂ ਹਨ। ਇਹ ਸੱਚ ਮੰਨ ਲੈਣਾ ਮਨ ਨੂੰ ਹਲਕਾ ਕਰ ਦਿੰਦਾ ਹੈ।

ਸੱਚ ਨਾਲ ਜੀਣਾ ਆਸਾਨ ਨਹੀਂ। ਇਸ ਲਈ ਆਪਣੇ ਅੰਦਰ ਦੀਆਂ ਕਮਜ਼ੋਰੀਆਂ ਮੰਨਣੀ ਪੈਂਦੀਆਂ ਹਨ। ਗਲਤੀਆਂ ਕਬੂਲ ਕਰਨੀ ਪੈਂਦੀਆਂ ਹਨ। ਝੂਠੀ ਤਸਵੀਰ ਛੱਡਣੀ ਪੈਂਦੀ ਹੈ। ਪਰ ਜਦੋਂ ਇਹ ਸੱਚਾਈ ਆਉਂਦੀ ਹੈ, ਤਾਂ ਜੀਵਨ ਹਲਕਾ ਮਹਿਸੂਸ ਹੁੰਦਾ ਹੈ। ਨਾ ਝੂਠ ਯਾਦ ਰੱਖਣੇ, ਨਾ ਨਕਾਬ ਸੰਭਾਲਣੇ।

ਸਧਾਰਣ ਜੀਵਨ ਜੀਊਣ ਵਾਲੇ ਲੋਕ ਅਕਸਰ ਗਲਤ ਸਮਝੇ ਜਾਂਦੇ ਹਨ। ਲੋਕ ਉਹਨਾਂ ਨੂੰ ਬਿਨਾਂ ਮਹੱਤਵਾਕਾਂਕਸ਼ਾ ਦੇ ਸਮਝ ਲੈਂਦੇ ਹਨ। ਪਰ ਸਧਾਰਣ ਹੋਣਾ ਅਣਜਾਣ ਹੋਣਾ ਨਹੀਂ ਹੁੰਦਾ। ਅਕਸਰ ਇਹ ਸਮਝਦਾਰੀ ਹੁੰਦੀ ਹੈ ਕੀ ਜ਼ਰੂਰੀ ਹੈ ਅਤੇ ਕੀ ਨਹੀਂ।

ਰਿਸ਼ਤੇ ਖ਼ੁਸ਼ੀ 'ਤੇ ਡੂੰਘਾ ਅਸਰ ਪਾਂਦੇ ਹਨ। ਗਿਣਤੀ ਨਹੀਂ, ਗੁਣਵੱਤਾ ਮਹੱਤਵਪੂਰਨ ਹੈ। ਇੱਕ ਸੱਚਾ ਰਿਸ਼ਤਾ ਦਰਜਨਾਂ ਝੂਠੇ ਰਿਸ਼ਤਿਆਂ ਤੋਂ ਵੱਧ ਸ਼ਾਂਤੀ ਦੇ ਸਕਦਾ ਹੈ। ਭਰੋਸਾ, ਆਦਰ ਅਤੇ ਜਜ਼ਬਾਤੀ ਸੁਰੱਖਿਆ ਵੀ ਦੌਲਤ ਹਨ।

ਨੈਤਿਕ ਜੀਵਨ ਵੀ ਅੰਦਰਲੇ ਸੰਤੁਲਨ ਨੂੰ ਬਣਾਉਂਦਾ ਹੈ। ਜਦੋਂ ਕਰਮ ਜ਼ਮੀਰ ਦੇ ਖ਼ਿਲਾਫ਼ ਹੋਣ, ਤਾਂ ਅੰਦਰ ਕੁਝ ਟੁੱਟਦਾ ਹੈ। ਭਾਵੇਂ ਕਿਸੇ ਨੂੰ ਪਤਾ ਨਾ ਲੱਗੇ, ਮਨ ਨੂੰ ਪਤਾ ਹੁੰਦਾ ਹੈ। ਸਮੇਂ ਨਾਲ ਇਹ ਟਕਰਾਵ ਤਣਾਅ ਬਣ ਜਾਂਦਾ ਹੈ। ਜਜ਼ਬਾਤਾਂ ਨੂੰ ਵੀ ਸਮਝਣ ਦੀ ਲੋੜ ਹੈ। ਕਈ ਲੋਕ ਮਜ਼ਬੂਤ ਦਿਖਣ ਲਈ ਜਜ਼ਬਾਤ ਦਬਾ ਲੈਂਦੇ ਹਨ। ਪਰ ਦਬੇ ਹੋਏ ਜਜ਼ਬਾਤ ਮਿਟਦੇ ਨਹੀਂ। ਉਹ ਕਿਸੇ ਹੋਰ ਰੂਪ ਵਿੱਚ ਵਾਪਸ ਆਉਂਦੇ ਹਨ; ਗੁੱਸੇ, ਉਦਾਸੀ ਜਾਂ ਚਿੜਚਿੜਾਹਟ ਵਜੋਂ।

ਸਮਾਂ ਵੀ ਇੱਕ ਵੱਡੀ ਸਮ੍ਰਿੱਧੀ ਹੈ, ਜੋ ਅਕਸਰ ਵਿਅਰਥ ਗੁਆ ਦਿੱਤਾ ਜਾਂਦਾ ਹੈ। ਲੋਕ ਉਹਨਾਂ ਚੀਜ਼ਾਂ ਪਿੱਛੇ ਦੌੜਦੇ ਹਨ ਜੋ ਸੱਚਮੁੱਚ ਲੋੜੀਂਦੀਆਂ ਨਹੀਂ। ਬਾਅਦ ਵਿੱਚ ਸਮਝ ਆਉਂਦੀ ਹੈ ਕਿ ਆਪਣੇ ਲਈ, ਸੋਚਣ ਲਈ, ਆਪਣੇ ਲੋਕਾਂ ਲਈ ਸਮਾਂ ਹੀ ਨਹੀਂ ਰਿਹਾ।

ਅੱਜ ਦੇ ਸੰਸਾਰ ਵਿੱਚ ਸ਼ੋਰ ਨੂੰ ਮਹੱਤਵ ਸਮਝਿਆ ਜਾਂਦਾ ਹੈ। ਉੱਚੀ ਆਵਾਜ਼ ਪਹਿਲਾਂ ਸੁਣੀ ਜਾਂਦੀ ਹੈ। ਚੁੱਪ ਸਿਆਣਪ ਅਕਸਰ ਅਣਡਿੱਠੀ ਰਹਿ ਜਾਂਦੀ ਹੈ। ਪਰ ਸ਼ੋਰ ਜਲਦੀ ਮੁੱਕ ਜਾਂਦਾ ਹੈ। ਡੂੰਘਾਈ ਰਹਿ ਜਾਂਦੀ ਹੈ।


ਚਲਾਕੀ ਥੋੜ੍ਹੇ ਸਮੇਂ ਲਈ ਪ੍ਰਭਾਵ ਛੱਡਦੀ ਹੈ। ਸੱਚਾਈ ਲੰਮੇ ਸਮੇਂ ਲਈ। ਖ਼ੁਸ਼ੀ ਨੂੰ ਪੂਰਨ ਹੋਣ ਦੀ ਲੋੜ ਨਹੀਂ। ਸਵੀਕਾਰਤਾ ਦੀ ਲੋੜ ਹੈ। ਸਮ੍ਰਿੱਧੀ ਨੂੰ ਵਾਧੇ ਦੀ ਨਹੀਂ, ਸੰਤੁਲਨ ਦੀ ਲੋੜ ਹੈ।

ਇੱਕ ਐਸਾ ਜੀਵਨ, ਜਿੱਥੇ ਮਨ ਸ਼ਾਂਤ ਬੈਠ ਸਕੇ। ਜੋ ਸ਼ਾਇਦ ਕਦੇ ਸ਼ੋਰ ਵਾਲਾ ਨਾ ਹੋਵੇ। ਨਾ ਹੀ ਬਹੁਤ ਚਤੁਰ ਦਿਸੇ। ਪਰ ਸੱਚਾ ਹੋਵੇ। ਸੱਚਾਈ ਸਧਾਰਣ ਹੋਣ ਦੇ ਬਾਬਜੂਦ ਵੀ ਇੱਕ ਐਸੀ ਸ਼ਾਂਤ ਤਾਕਤ ਬਣਦੀ ਹੈ, ਜਿਸਦੀ ਥਾਂ ਕੋਈ ਦਿਖਾਵਾ ਨਹੀਂ ਲੈ ਸਕਦਾ।















"ਕਮਾਲ ਦੇ ਬੰਦੇ"

ਹਰਜਿੰਦਰ ਸਿੰਘ ਬਸਿਆਲਾ


# ਓਟਾਗੋ ਵਿੱਚ ਸੋਨਾ ਕਿਸਨੇ ਲੱਭਿਆ?

## ਮੁੰਬਈ ਤੋਂ ਆਏ 'ਬਲੈਕ ਪੀਟਰ' ਨੇ 1858 ਵਿੱਚ ਲੱਭਿਆ ਸੀ ਸੋਨਾ-ਪਰ ਸਿਹਰਾ ਕਿਸੇ ਹੋਰ ਦੇ ਸਜ ਗਿਆ ਅਸਲ ਨਾਂਅ ਸੀ ਐਡਵਰਡ ਪੀਟਰਸ ਪਰ ਪੱਕੇ ਰੰਗ ਕਰਕੇ ਕਿਹਾ ਗਿਆ 'ਕਾਲਾ ਪੀਟਰ'

ਨਿਊਜ਼ੀਲੈਂਡ ਦੇ ਦੱਖਣੀ ਟਾਪੂ ਦੇ ਸ਼ਹਿਰ ਓਟਾਗੋ ਨੇੜੇ 167 ਸਾਲ ਪਹਿਲਾਂ ਸੋਨੇ ਦੀ ਖੋਜ਼ ਕਰਨ ਵਾਲਾ ਭਾਰਤੀ ਐਡਵਰਡ ਪੀਟਰਸ ਦੀ ਕਹਾਣੀ ਪਰ ਉਸ ਸਮੇਂ ਦੇ ਨਸਲਵਾਦ ਅਤੇ ਸਮਾਜਿਕ ਢਾਂਚੇ ਕਾਰਨ ਦੱਬੀ ਰਹਿ ਗਈ। ਇੱਕ 'ਗੈਰ-ਯੂਰਪੀ' ਵਿਅਕਤੀ ਹੋਣ ਕਰਕੇ ਉਸਦੀ ਗੱਲ 'ਤੇ ਸਰਕਾਰੀ ਅਧਿਕਾਰੀਆਂ ਨੇ ਭਰੋਸਾ ਨਹੀਂ ਕੀਤਾ ਅਤੇ ਉਸ ਦੀ ਖੋਜ ਨੂੰ ਅਣਗੌਲਿਆ ਕਰ ਦਿੱਤਾ ਗਿਆ। ਜਿਸ ਸੋਨੇ ਕਰਕੇ ਡੁਨੀਡਨ ਸ਼ਹਿਰ ਅਮੀਰ ਬਣਿਆ ਉਸ ਦੇ ਪਿੱਛੇ ਦੋ ਵਿਅਕਤੀਆਂ ਦੀ ਕਹਾਣੀ ਹੈ। ਆਓ ਜਾਣੀਏ:-



EDWARD PETERS
Better known as "Black Peter."
An early discoverer of gold.




**ਬਲੈਕ ਪੀਟਰ: ਭਾਰਤ ਤੋਂ ਆਇਆ ਅਸਲੀ ਖੋਜੀ**

ਨਿਊਜ਼ੀਲੈਂਡ ਦੇ ਇਤਿਹਾਸ ਵਿੱਚ 1861 ਦਾ ਸਾਲ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ, ਜਦੋਂ ਓਟਾਗੋ ਵਿੱਚ ਸੋਨੇ ਦੇ ਚਮਕਦੇ ਇਤਿਹਾਸ ਦੇ ਪਿੱਛੇ ਦੋ ਵਿਅਕਤੀਆਂ ਦੀ ਕਹਾਣੀ ਚਰਚਾ ਬਣੀ ਸੀ। ਇੱਕ ਜਿਸ ਨੂੰ ਸਾਰੀ ਦੁਨੀਆ ਨੇ ਜਾਣਿਆ, ਅਤੇ ਦੂਜਾ ਐਡਵਰਡ ਪੀਟਰਸ ਜਿਸ ਨੂੰ ਇਤਿਹਾਸ ਨੇ ਲਗਭਗ ਵਿਸਾਰ ਦਿੱਤਾ ਸੀ

**ਮੁੱਢਲਾ ਜੀਵਨ**

ਐਡਵਰਡ ਪੀਟਰਸ ਦਾ ਜਨਮ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਸਤਾਰਾ ਵਿੱਚ ਲਗਭਗ 1826 ਦੇ ਆਸ-ਪਾਸ ਹੋਇਆ ਸੀ, ਹਾਲਾਂਕਿ ਇਹ ਪੂਰੀ ਤਰ੍ਹਾਂ ਯਕੀਨੀ ਨਹੀਂ ਹੈ। ਵਰਨਣਯੋਗ ਹੈ ਕਿ ਸਤਾਰਾ ਅਤੇ ਸਿੱਖ ਇਤਿਹਾਸ ਦਾ ਆਪਸੀ ਸਬੰਧ ਬਹੁਤ ਡੂੰਘਾ ਅਤੇ ਅਧਿਆਤਮਿਕ ਹੈ।

ਮਰਾਠਾ ਜਾਤੀ ਵਿੱਚ ਜਨਮੇ ਪੀਟਰਸ ਨੂੰ ਅਕਸਰ ਬੰਬਈ (ਮੁੰਬਈ) ਦਾ ਵਸਨੀਕ, ਯੂਰੇਸ਼ੀਅਨ ਜਾਂ 'ਹਾਫ-ਕਾਸਟ' (ਮਿਸ਼ਰਤ ਨਸਲ) ਵਜੋਂ ਦਰਜ ਕੀਤਾ ਗਿਆ ਹੈ। ਰੋਜ਼ੀ-ਰੋਟੀ ਦੀ ਭਾਲ ਵਿੱਚ, ਉਹ ਕਿਸੇ ਸਮੇਂ ਬੰਬਈ ਚਲੇ ਗਏ ਅਤੇ ਜਹਾਜ਼ਾਂ 'ਤੇ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਇਹ ਕੰਮ ਉਹਨਾਂ ਨੂੰ ਸ਼ੁਰੂ ਵਿੱਚ ਕੈਲੀਫੋਰਨੀਆ ਲੈ ਗਿਆ, ਜਿੱਥੇ ਉਹਨਾਂ ਨੇ 1840 ਦੇ ਦਹਾਕੇ ਦੇ ਅਖੀਰ ਵਿੱਚ 'ਗੋਲਡ ਰਸ਼' (ਸੋਨੇ ਦੀ ਖੋਜ ਦੀ ਮੁਹਿੰਮ) ਵਿੱਚ ਹਿੱਸਾ ਲਿਆ। ਇਹ ਬਹੁਤ ਸੰਭਵ ਹੈ ਕਿ ਉਹਨਾਂ ਨੇ ਭਾਰਤ ਛੱਡਣ ਅਤੇ ਪੱਛਮ ਵਿੱਚ ਪਹੁੰਚਣ ਦੇ ਵਿੱਚਕਾਰ ਆਪਣਾ ਈਸਾਈ ਨਾਮ ਅਪਣਾਇਆ ਸੀ। ਕੈਲੀਫੋਰਨੀਆ ਤੋਂ ਬਾਅਦ, ਕੁਝ ਸਬੂਤ ਮਿਲਦੇ ਹਨ ਕਿ ਪੀਟਰਸ ਆਸਟ ?ਰੇਲੀਆ ਵਿੱਚ ਵਿਕਟੋਰੀਅਨ ਸੋਨੇ ਦੇ ਖੇਤਰਾਂ ਵਿੱਚ ਕੰਮ ਕਰਨ ਲਈ ਚਲੇ ਗਏ ਸਨ, ਪਰ ਇਹ ਅਜੇ ਵੀ ਅਨਿਸ਼ਚਿਤ ਹੈ ਅਤੇ ਇਸਦੇ ਦਸਤਾਵੇਜ਼ ਬਹੁਤ ਘੱਟ ਹਨ।

**ਨਿਊਜ਼ੀਲੈਂਡ ਆਮਦ:**

ਪੀਟਰਸ ਅੰਤ ਵਿੱਚ 'ਮਾਓਰੀ' ਨਾਮਕ ਸਮੁੰਦਰੀ ਜਹਾਜ਼ ਰਾਹੀਂ ਨਿਊਜ਼ੀਲੈਂਡ ਪਹੁੰਚੇ, ਜਿੱਥੇ ਉਹ ਜਹਾਜ਼ ਦੇ ਰਸੋਈਏ (ਕੁੱਕ) ਵਜੋਂ ਭਰਤੀ ਹੋਏ ਸਨ। 'ਮਾਓਰੀ' ਜਹਾਜ਼ ਪਹਿਲਾਂ ਇੰਗਲੈਂਡ ਦੇ ਗ੍ਰੇਵਸੈਂਡ ਤੋਂ ਰਵਾਨਾ ਹੋਇਆ ਅਤੇ 27 ਅਗਸਤ 1853 ਨੂੰ ਆਪਣੀ ਅੰਤਿਮ ਮੰਜ਼ਿਲ, ਪੋਰਟ ਚੈਲਮਰਸ, ਓਟਾਗੋ ਪਹੁੰਚਿਆ। 31 ਅਗਸਤ 1853 ਨੂੰ ਪੀਟਰਸ ਨੇ ਜਹਾਜ਼ ਤੋਂ ਉਤਰਨ ਦਾ ਫੈਸਲਾ ਕੀਤਾ, ਹਾਲਾਂਕਿ ਉਹਨਾਂ ਕੋਲ ਬ੍ਰਿਟਿਸ਼ ਅਧਿਕਾਰੀਆਂ ਤੋਂ ਕਿਸੇ 'ਕ੍ਰਾਊਨ ਕਲੋਨੀ' (ਬ੍ਰਿਟਿਸ਼ ਸ਼ਾਸਨ ਅਧੀਨ ਖੇਤਰ) ਵਿੱਚ ਪੈਰ ਰੱਖਣ ਦੀ ਇਜਾਜ਼ਤ ਨਹੀਂ ਸੀ। ਪੀਟਰਸ ਇਸ ਪਾਬੰਦੀ ਬਾਰੇ ਜਾਣੂ ਸਨ ਅਤੇ ਜਹਾਜ਼ ਦੇ ਕਪਤਾਨ, ਜੀ. ਪੈਥਰਬ੍ਰਿਜ ਨੂੰ ਸੂਚਿਤ ਕੀਤੇ ਬਿਨਾਂ ਹੀ ਉਤਰ ਗਏ। ਉਹਨਾਂ ਨੇ ਆਪਣੇ ਆਪ ਨੂੰ ਸਥਾਨਕ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੇ ਉਹਨਾਂ ਨੂੰ ਛੇ ਹਫ਼ਤਿਆਂ ਦੀ ਸਖ਼ਤ ਮਿਹਨਤ ਦੀ ਸਜ਼ਾ ਸੁਣਾਈ ਗਈ। ਸਜ਼ਾ ਪੂਰੀ ਹੋਣ ਤੋਂ ਬਾਅਦ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਓਟਾਗੋ ਵਿੱਚ ਖੁੱਲ੍ਹ ਕੇ ਵੱਸਣ ਦੀ ਇਜਾਜ਼ਤ ਦੇ ਦਿੱਤੀ ਗਈ। ਬਿਨਾਂ ਇਜਾਜ਼ਤ ਜਹਾਜ਼ ਛੱਡਣ ਦੇ ਬਾਵਜੂਦ, ਐਡਵਰਡ ਪੀਟਰਸ ਦੀ ਇਮਾਨਦਾਰੀ ਦੀ ਮਿਸਾਲ ਇਹ ਦਿੱਤੀ ਜਾਂਦੀ ਹੈ ਕਿ ਉਹਨਾਂ ਨੇ ਬਿਨਾਂ ਕਿਸੇ ਨਿਗਰਾਨੀ ਦੇ ਕੰਮ ਵਾਲੀਆਂ ਥਾਵਾਂ 'ਤੇ ਖੁਦ ਜਾ ਕੇ ਆਪਣੀ ਸਜ਼ਾ ਦੌਰਾਨ ਵਾਲੀ ਮਿਹਨਤ ਪੂਰੀ ਕੀਤੀ ਸੀ। ਐਡਵਰਡ ਪੀਟਰਸ, ਜਿਸ ਨੂੰ ਹੁਣ ਲੋਕ ਪਿਆਰ ਅਤੇ ਉਸ ਦੇ ਰੰਗ ਕਾਰਨ 'ਬਲੈਕ ਪੀਟਰ' ਕਹਿਣ ਲੱਗ ਪਏ ਸਨ।

ਉਹ ਨਾ ਸਿਰਫ਼ ਇੱਕ ਮਾਹਰ ਘੋੜਸਵਾਰ ਸੀ, ਸਗੋਂ ਉਸ ਨੂੰ ਜ਼ਮੀਨ ਅਤੇ ਕੁਦਰਤ ਦੀ ਵੀ ਡੂੰਘੀ ਸਮਝ ਸੀ। ਇਤਿਹਾਸਕ ਤੱਥ ਦੱਸਦੇ ਹਨ ਕਿ ਗੈਬਰੀਅਲ ਰੀਡ ਤੋਂ ਤਿੰਨ ਸਾਲ ਪਹਿਲਾਂ 1857: ਉਨ੍ਹਾਂ ਨੇ 'ਟੁਆਪੇਕਾ' ਨਦੀ ਵਿੱਚ ਸੋਨਾ ਲੱਭਿਆ। ਫਿਰ 1858: ਉਨ੍ਹਾਂ ਨੇ ਟੋਕੋਮੈਰੀਰੋ ਨਦੀ ਵਿੱਚ ਸੋਨੇ ਦੇ ਭੰਡਾਰ ਦੀ ਪਛਾਣ ਕੀਤੀ। ਪੀਟਰਜ਼ ਬਹੁਤ ਹੀ ਦਿਲਦਾਰ ਇਨਸਾਨ ਸਨ। ਉਨ੍ਹਾਂ ਨੇ ਆਪਣੀ ਖੋਜ ਨੂੰ ਕਦੇ ਲੁਕੋ ਕੇ ਨਹੀਂ ਰੱਖਿਆ ਅਤੇ ਦੂਜਿਆਂ ਨੂੰ ਵੀ ਸੋਨੇ ਵਾਲੀਆਂ ਥਾਵਾਂ ਬਾਰੇ ਦੱਸਿਆ। ਪਰ ਜਦੋਂ ਸਰਕਾਰ ਵੱਲੋਂ ਇਨਾਮ ਦੇਣ ਦੀ ਵਾਰੀ ਆਈ ਤਾਂ ਉਸ ਸਮੇਂ ਦੇ ਨਸਲਵਾਦ ਅਤੇ ਸਮਾਜਿਕ ਢਾਂਚੇ ਕਾਰਨ, ਇੱਕ 'ਗੈਰ-ਯੂਰਪੀ' ਵਿਅਕਤੀ ਦੀ ਗੱਲ 'ਤੇ ਸਰਕਾਰੀ ਅਧਿਕਾਰੀਆਂ ਨੇ ਭਰੋਸਾ ਨਹੀਂ ਕੀਤਾ ਅਤੇ ਉਸ ਦੀ ਖੋਜ ਨੂੰ ਅਣਗੌਲਿਆ ਕਰ ਦਿੱਤਾ ਗਿਆ।

**ਗੈਬਰੀਅਲ ਰੀਡ ਅਤੇ ਖੋਜ ਦੀ ਸਫਲਤਾ**

ਮਈ 1861 ਵਿੱਚ, ਜਦੋਂ ਆਸਟਰੇਲੀਆਈ ਖੋਜੀ ਗੈਬਰੀਅਲ ਰੀਡ ਸੋਨੇ ਦੀ ਭਾਲ ਵਿੱਚ ਓਟਾਗੋ ਆਇਆ, ਤਾਂ ਉਸ ਦੀ ਮੁਲਾਕਾਤ ਐਡਵਰਡ ਪੀਟਰਸ ਨਾਲ ਹੋਈ। ਇਹ ਪੀਟਰਸ ਹੀ ਸੀ ਜਿਸ ਨੇ ਰੀਡ ਨੂੰ ਉਸ ਖਾਸ ਜਗ੍ਹਾ ਦਾ ਰਸਤਾ ਦਿਖਾਇਆ ਜਿੱਥੇ ਸੋਨਾ ਮਿਲ ਸਕਦਾ ਸੀ। ਰੀਡ ਨੇ ਉਸੇ ਦੱਸੀ ਹੋਈ ਜਗ੍ਹਾ 'ਤੇ ਖੁਦਾਈ ਕੀਤੀ ਅਤੇ ਵੱਡੀ ਮਾਤਰਾ ਵਿੱਚ ਸੋਨਾ ਪ੍ਰਾਪਤ ਕੀਤਾ। ਇਸ ਖੋਜ ਨੇ ਨਿਊਜ਼ੀਲੈਂਡ ਦੀ ਕਿਸਮਤ ਬਦਲ ਦਿੱਤੀ। ਹਜ਼ਾਰਾਂ ਲੋਕ ਸੋਨੇ ਦੀ ਭਾਲ ਵਿੱਚ ਉੱਥੇ ਪਹੁੰਚ ਗਏ ਅਤੇ ਡੁਨੇਡਿਨ ਸ਼ਹਿਰ ਰਾਤੋ-ਰਾਤ ਅਮੀਰ ਹੋ ਗਿਆ। ਅੱਜ ਉਸ ਜਗ੍ਹਾ ਨੂੰ 'ਗੈਬਰੀਅਲਜ਼ ਗੱਲੀ' ਵਜੋਂ ਜਾਣਿਆ ਜਾਂਦਾ ਹੈ।

**ਇਨਾਮ ਅਤੇ ਪਛਾਣ ਦਾ ਵੱਡਾ ਪਾੜਾ**

ਸਰਕਾਰ ਨੇ ਇਸ ਖੋਜ ਲਈ ਗੈਬਰੀਅਲ ਰੀਡ ਨੂੰ 1,000 ਪੌਂਡ ਦਾ ਵੱਡਾ ਇਨਾਮ ਅਤੇ ਬਹੁਤ ਪ੍ਰਸਿੱਧੀ ਦਿੱਤੀ। ਪਰ ਦੂਜੇ ਪਾਸੇ, ਐਡਵਰਡ ਪੀਟਰਸ ਨੂੰ ਲਗਭਗ ਭੁਲਾ ਦਿੱਤਾ ਗਿਆ। ਐਡਵਰਡ ਪੀਟਰਜ਼ ਦੀਆਂ ਅਰਜ਼ੀਆਂ ਨੂੰ ਦੋ ਵਾਰ ਰੱਦ ਕਰ ਦਿੱਤਾ ਗਿਆ। ਸਰਕਾਰ ਨੇ ਉਨ੍ਹਾਂ ਦੀ ਫਾਈਲ 'ਤੇ ਸਿਰਫ ਨਿਪਟਾਰਾ ਕੀਤਾ ਗਿਆ (Disposed of) ਲਿਖ ਕੇ ਮਾਮਲਾ ਬੰਦ ਕਰ ਦਿੱਤਾ। ਉਸ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਬਹੁਤ ਗਰੀਬੀ ਵਿੱਚ ਬਿਤਾਇਆ। ਕਈ ਸਾਲਾਂ ਬਾਅਦ (1885 ਵਿੱਚ), ਜਦੋਂ ਲੋਕਾਂ ਨੇ ਉਸ ਦੇ ਹੱਕ ਵਿੱਚ ਮੁਹਿੰਮ ਚਲਾਈ, ਤਾਂ ਸਰਕਾਰ ਨੇ ਉਸ ਨੂੰ ਸਿਰਫ਼ 50 ਪੌਂਡ ਦੇ ਕੇ ਆਪਣਾ ਪੱਲਾ ਝਾੜ ਲਿਆ। 1893 ਵਿੱਚ ਬਾਲਕਲੂਥਾ (Balclutha) ਵਿਖੇ ਉਸ ਦੀ ਮੌਤ ਹੋ ਗਈ। ਅੱਜ, ਓਟੈਗੋ ਸੈਟਲਰਜ਼ ਮਿਊਜ਼ੀਅਮ ਵਿੱਚ ਇੱਕ ਸੋਨੇ ਦੀ ਮੁੰਦਰੀ ਪਈ ਹੈ, ਜੋ ਪੀਟਰਜ਼ ਦੁਆਰਾ ਲੱਭੇ ਗਏ ਸੋਨੇ ਤੋਂ ਬਣੀ ਸੀ—ਇਹ ਉਸ ਭਾਰਤੀ ਮਰਾਠਾ ਦੀ ਸੱਚਾਈ ਅਤੇ ਮਿਹਨਤ ਦੀ ਗਵਾਹ ਹੈ।

**ਅੱਜ ਦੀ ਮਾਨਤਾ**

ਅੱਜ ਦੇ ਦੌਰ ਵਿੱਚ ਇਤਿਹਾਸਕਾਰਾਂ ਨੇ ਐਡਵਰਡ ਪੀਟਰਸ ਦੇ ਯੋਗਦਾਨ ਨੂੰ ਸਵੀਕਾਰ ਕੀਤਾ ਹੈ। ਉਸ ਨੂੰ ਹੁਣ ਓਟੈਗੋ ਦੇ ਸੋਨੇ ਦੇ ਖੇਤਰਾਂ ਦਾ 'ਅਸਲੀ ਖੋਜੀ' ਮੰਨਿਆ ਜਾਂਦਾ ਹੈ। ਉਸ ਦੀ ਯਾਦ ਵਿੱਚ ਇੱਕ ਸਮਾਰਕ ਵੀ ਬਣਾਇਆ ਗਿਆ ਹੈ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਨਿਊਜ਼ੀਲੈਂਡ ਦੀ ਤਰੱਕੀ ਦੀ ਨੀਂਹ ਵਿੱਚ ਇੱਕ ਭਾਰਤੀ ਮੂਲ ਦੇ ਵਿਅਕਤੀ ਦਾ ਵੀ ਬਹੁਤ ਵੱਡਾ ਹੱਥ ਸੀ। ਇਸ ਯਾਦਗਾਰ ਦਾ ਉਦਘਾਟਨ ਗਵਰਨਰ-ਜਨਰਲ ਅਨੰਦ ਸਤਿਆਨੰਦ ਵੱਲੋਂ ਕੀਤਾ ਗਿਆ ਸੀ, ਜੋ ਕਿ ਭਾਰਤੀ ਮੂਲ ਦੇ ਨਿਊਜ਼ੀਲੈਂਡ ਦੇ ਪਹਿਲੇ ਗਵਰਨਰ-ਜਨਰਲ ਸਨ।

ਸਤਾਰਾ (ਮਹਾਰਾਸ਼ਟਰ) ਅਤੇ ਸਿੱਖ ਇਤਿਹਾਸ ਦਾ ਆਪਸੀ ਸਬੰਧ ਬਹੁਤ ਡੂੰਘਾ ਅਤੇ ਅਧਿਆਤਮਿਕ ਹੈ। ਹਾਲਾਂਕਿ ਸਤਾਰਾ ਮਰਾਠਾ ਸਾਮਰਾਜ ਦੀ ਰਾਜਧਾਨੀ ਰਿਹਾ ਹੈ, ਪਰ ਸਿੱਖ ਧਰਮ ਨਾਲ ਇਸ ਦੇ ਸਬੰਧ ਹੇਠ ਲਿਖੇ ਅਨੁਸਾਰ ਹਨ:

**1. ਭਗਤ ਨਾਮਦੇਵ ਜੀ ਦਾ ਪਿਛੋਕੜ**

ਸਭ ਤੋਂ ਮਹੱਤਵਪੂਰਨ ਸਬੰਧ ਭਗਤ ਨਾਮਦੇਵ ਜੀ ਨਾਲ ਹੈ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਜਨਮ ਸਥਾਨ: ਭਗਤ ਨਾਮਦੇਵ ਜੀ ਦਾ ਜਨਮ ਸਤਾਰਾ ਜ਼ਿਲ੍ਹੇ ਦੇ ਪਿੰਡ ਨਰਸੀ-ਵਾਮਨੀ ਵਿੱਚ ਹੋਇਆ ਸੀ।

ਬਾਣੀ: ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੇ ਬਹੁਤ ਸਾਰੇ ਸ਼ਬਦ ਦਰਜ ਹਨ। ਉਨ੍ਹਾਂ ਨੇ ਮਹਾਰਾਸ਼ਟਰ ਤੋਂ ਪੰਜਾਬ (ਘੁਮਾਣ) ਤੱਕ ਦੀ ਯਾਤਰਾ ਕੀਤੀ, ਜੋ ਅੱਜ ਵੀ ਪੰਜਾਬ ਅਤੇ ਸਤਾਰਾ ਦੇ ਵਿੱਚਕਾਰ ਇੱਕ ਮਜ਼ਬੂਤ ਰੂਹਾਨੀ ਕੜੀ ਹੈ।

**2. ਗੁਰੂ ਗੋਬਿੰਦ ਸਿੰਘ ਜੀ ਅਤੇ ਸਤਾਰਾ ਕਿਲ੍ਹਾ (ਅਜਿੰਕਿਆਤਾਰਾ)**

ਸਿੱਖ ਇਤਿਹਾਸ ਵਿੱਚ ਇੱਕ ਪ੍ਰਚਲਿਤ ਕਥਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ (ਨਾਂਦੇੜ) ਵੱਲ ਜਾ ਰਹੇ ਸਨ, ਤਾਂ ਉਹ ਸਤਾਰਾ ਦੇ ਇਲਾਕੇ ਵਿੱਚੋਂ ਵੀ ਲੰਘੇ ਸਨ।

ਰਿਹਾਈ ਦੀ ਕਥਾ: ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਸਤਾਰਾ ਦੇ ਕਿਲ੍ਹੇ ਵਿੱਚੋਂ ਆਪਣੇ ਦੋ ਸਿੱਖਾਂ, ਬਾਲਾ ਰਾਏ ਅਤੇ ਰੁਸਤਮ ਰਾਏ ਨੂੰ ਮੁਗਲਾਂ ਦੀ ਕੈਦ ਵਿੱਚੋਂ ਛੁਡਵਾਇਆ ਸੀ।

**3. ਸਮਰਥ ਰਾਮਦਾਸ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਮੁਲਾਕਾਤ**

ਸਤਾਰਾ ਵਿੱਚ ਸਥਿਤ 'ਸੱਜਣਗੜ੍ਹ' ਸਵਾਮੀ ਸਮਰਥ ਰਾਮਦਾਸ ਜੀ (ਛਤਰਪਤੀ ਸ਼ਿਵਾਜੀ ਮਹਾਰਾਜ ਦੇ ਗੁਰੂ) ਦਾ ਸਥਾਨ ਹੈ। ਇਤਿਹਾਸਕ ਮੇਲ: ਸ੍ਰੀਨਗਰ ਵਿੱਚ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸਮਰਥ ਰਾਮਦਾਸ ਜੀ ਦੀ ਮੁਲਾਕਾਤ ਹੋਈ ਸੀ।

ਵਿਚਾਰ ਚਰਚਾ: ਜਦੋਂ ਰਾਮਦਾਸ ਜੀ ਨੇ ਗੁਰੂ ਸਾਹਿਬ ਨੂੰ ਸ਼ਸਤਰਧਾਰੀ ਵੇਖ ਕੇ ਸਵਾਲ ਕੀਤਾ, ਤਾਂ ਗੁਰੂ ਸਾਹਿਬ ਨੇ ਫਰਮਾਇਆ ਸੀ, "ਬਾਤਨ ਫਕੀਰੀ, ਜ਼ਾਹਰ ਅਮੀਰੀ। ਸ਼ਸਤਰ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ (ਨਾਸ਼) ਲਈ ਹਨ।"ਇਸ ਵਿਚਾਰਧਾਰਾ ਨੇ ਮਰਾਠਾ ਅਤੇ ਸਿੱਖ ਸੂਰਮਿਆਂ ਨੂੰ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦਿੱਤੀ।

4. ਸਿਕਲੀਗਰ ਸਿੱਖ ਸਤਾਰਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸਿਕਲੀਗਰ ਸਿੱਖ ਭਾਈਚਾਰਾ ਅੱਜ ਵੀ ਰਹਿੰਦਾ ਹੈ। ਇਹ ਉਹ ਲੋਕ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ਼ਸਤਰ ਬਣਾਉਣ ਦੀ ਕਲਾ ਵਿੱਚ ਮਾਹਿਰ ਸਨ ਅਤੇ ਗੁਰੂ ਸਾਹਿਬ ਦੇ ਨਾਲ ਦੱਖਣ ਵੱਲ ਆਏ ਸਨ। ਅੱਜ ਵੀ ਉਹ ਇਸ ਖੇਤਰ ਵਿੱਚ ਆਪਣੀ ਸਿੱਖੀ ਪਛਾਣ ਨੂੰ ਕਾਇਮ ਰੱਖੇ ਹੋਏ ਹਨ।

**ਹਰਜਿੰਦਰ ਸਿੰਘ ਬਸਿਆਲਾ**
**ਔਕਲੈਂਡ,**

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS


# ਸਿਨੇਮਾ ਅਤੇ ਟੈਲੀਵਿਜ਼ਨ ਦਾ ਬਦਲਿਆ ਰੂਪ ਓ ਟੀ ਟੀ



ਰਜਵਿੰਦਰ ਪਾਲ ਸ਼ਰਮਾ
7087367969

ਜਦੋਂ ਸਿਨੇਮਾ ਨਹੀਂ ਸੀ ਆਇਆ ਉਦੋਂ ਨਾਟਕ ਅਤੇ ਰੰਗ ਮੰਚ ਹੀ ਮਨੋਰੰਜਨ ਦਾ ਮਹੱਤਵਪੂਰਨ ਸਾਧਨ ਸੀ।ਤੁਰਦਾ ਫਿਰਦਾ ਬਾਈਸਕੋਪ ਅਤੇ ਕਠਪੁਤਲੀਆਂ ਦੇ ਹੁੰਦੇ ਨਾਚ ਵੀ ਮਨੋਰੰਜਨ ਕਰਦੇ ਸਨ।ਇਹ ਮਨੋਰੰਜਨ ਵੀ ਕਰਦਾ ਤੇ ਸਮਾਜ ਦੇ ਗੰਭੀਰ ਵਿਸ਼ਿਆਂ ਤੇ ਚੋਟ ਵੀ ਕਰਦਾ। ਪ੍ਰਸਿੱਧ ਨਾਟਕਕਾਰ ਈਸ਼ਵਰ ਚੰਦਰ ਨੰਦਾ ਦੇ ਦੁਲਹਨ ਨਾਟਕ ਨੇ ਪੰਜਾਬੀ ਸਾਹਿਤ ਵਿੱਚ ਨਾਟਕਾਂ ਦਾ ਰਾਹ ਖੋਲ੍ਹਿਆ।ਰੰਗ ਮੰਚ ਹੀ ਸਿਨੇਮੇ ਦੀ ਬੁਨਿਆਦ ਸੀ, ਫ਼ਰਕ ਇਹ ਸੀ ਕਿ ਸਿਨੇਮਾ ਵਿੱਚ ਪਾਤਰਾਂ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ ਘਟਨਾਵਾਂ ਪ੍ਰੋਜੈਕਟਰ ਦੀ ਮਦਦ ਨਾਲ ਦਿਖਾਈਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪਹਿਲਾਂ ਰਿਕਾਰਡ ਕਰ ਲਿਆ ਜਾਂਦਾ ਸੀ ਜਦਕਿ ਰੰਗ ਮੰਚ ਅਤੇ ਨਾਟਕ ਲਾਈਵ ਬਿਲਕੁਲ ਸਾਡੇ ਸਾਹਮਣੇ ਹਕੀਕਤ ਵਿੱਚ ਪਾਤਰ ਆਪਣੀ ਕਲਾ ਨੂੰ ਪੇਸ਼ ਕਰਦੇ ਹਨ। ਸਿਨੇਮੇ ਦੀ ਚੜ੍ਹਤ ਤੋਂ ਬਾਅਦ ਟੈਲੀਵੀਜ਼ਨ ਦੀ ਕੀਤੀ ਖੋਜ਼ ਨੇ ਮਨੋਰੰਜਨ ਦੇ ਸਾਧਨਾਂ ਵਿੱਚ ਵਾਧਾ ਕੀਤਾ। ਟੈਲੀਵੀਜ਼ਨ ਰਾਹੀਂ ਲੋਕਾਂ ਨੂੰ ਹੁਣ ਖ਼ਬਰਾਂ, ਫਿਲਮਾਂ, ਖੇਤੀਬਾੜੀ, ਡੇਅਰੀ ਅਤੇ ਵੱਖ ਵੱਖ ਪ੍ਰਕਾਰ ਦੇ ਟੀਵੀ ਸੀਰੀਅਲ ਵੇਖਣ ਦਾ ਮੌਕਾ ਮਿਲਿਆ। ਟੈਲੀਵੀਜ਼ਨ ਦੇ ਇਹ ਪ੍ਰੋਗਰਾਮ ਗਾਹਕ ਦੇ ਕੰਟਰੋਲ ਵਿੱਚ ਨਹੀਂ ਸਨ ,ਗਾਹਕ ਕੇਵਲ ਦੇਖ ਸਕਦੇ ਸਨ ਇਨ੍ਹਾਂ ਨੂੰ ਬਦਲ ਨਹੀਂ ਸਨ ਸਕਦੇ। ਗਾਹਕਾਂ ਦੀ ਇਸ ਸਮੱਸਿਆ ਦਾ ਹੱਲ ਡੀ ਟੀ ਐੱਚ(4“8) ਜਿਸਦਾ ਪੂਰਾ ਨਾਮ ਡਾਇਰੈਕਟ ਟੂ ਹੋਮ ਭਾਵ ਸਿੱਧਾ ਸਾਡੇ ਘਰ ਤੱਕ ਨੇ ਕੱਢਿਆ। ਪਹਿਲਾਂ ਡੀ ਡੀ ਨੈਸ਼ਨਲ, ਕੁੱਝ ਸਮਾਂ ਖ਼ੇਤਰੀ ਪ੍ਰਸਾਰਣ ਅਤੇ ਇੱਕ ਡੀ ਡੀ ਨਿਊਜ਼ ਚੈਨਲ ਦੇਖਣ ਵਾਲੇ ਗਾਹਕਾਂ ਕੋਲ ਹੁਣ 50-60 ਚੈਨਲਾਂ ਦਾ ਰਿਮੋਟ ਹੱਥ ਵਿੱਚ ਆ ਗਿਆ ਸੀ।ਡੀ ਟੀ ਐੱਚ ਫ੍ਰੀ ਸੇਵਾ ਸੀ ਜਿਸਨੇ ਮਨੋਰੰਜਨ ਦੇ ਨਾਲ ਨਾਲ ਖਬਰਾਂ, ਖੇਡਾਂ, ਖੇਤੀਬਾੜੀ ਅਤੇ ਸਿੱਖਿਆ ਨਾਲ ਸਬੰਧਤ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਹਨ।

ਇਕੱਵੀਂ ਸਦੀ ਦੇ ਦੂਜੇ ਦਹਾਕੇ ਜਾਂ ਪਿਛਲੇ ਦਸ ਸਾਲਾਂ ਦੀ ਗੱਲ ਕਰੀਏ ਤਾਂ ਇੰਟਰਨੈੱਟ ਦੇ ਵਿਸਤਾਰ ਅਤੇ ਮੋਬਾਇਲ ਫ਼ੋਨ ਦੀ ਮੰਗ ਵਿੱਚ ਹੋਏ ਵਾਧੇ ਨੇ ਸਿਨੇਮਾ ਅਤੇ ਟੈਲੀਵਿਜ਼ਨ ਨੂੰ ਪਛਾੜ ਦਿੱਤਾ। ਸਮਾਰਟਫੋਨ ਤੇ ਚਲ ਰਿਹਾ ਇੰਟਰਨੈੱਟ ਮਨੋਰੰਜਨ ਲਈ ਓ ਟੀ ਟੀ ਪਲੇਟਫਾਰਮ ਦਾ ਦਰਵਾਜ਼ਾ ਖੋਲ੍ਹਦਾ ਹੈ।ਓ ਟੀ ਟੀ (OTT) ਪਲੇਟਫਾਰਮ ਦਾ ਪੂਰਾ ਨਾਮ ਓਵਰ ਦਿ ਟਾਪ ਹੈ ਜ਼ੋ ਇੰਟਰਨੈੱਟ ਦੀ ਮੌਜੂਦਗੀ ਵਿੱਚ ਗਾਹਕ ਨੂੰ ਮਨੋਰੰਜਨ ਦੀ ਸੇਵਾ ਮੁਹਈਆ ਕਰਵਾਉਂਦਾ ਹੈ।ਅਜੋਕਾ ਸਮਾਂ ਓ ਟੀ ਟੀ ਦਾ ਸਮਾਂ ਹੈ ਜਿਸ ਤੇ ਫਿਲਮਾਂ,ਸੀਰੀਅਲ, ਖੇਡਾਂ ਅਤੇ ਖਬਰਾਂ ਨਾਲ ਸਬੰਧਤ ਜਾਣਕਾਰੀ ਉਪਲੱਬਧ ਹੈ।ਵੱਖ ਵੱਖ ਓ ਟੀ ਟੀ ਪਲੇਟਫਾਰਮ ਦੀਆਂ ਆਪਣੀਆਂ ਆਪਣੀਆਂ ਨੀਤੀਆਂ ਹਨ। ਓ ਟੀ ਟੀ ਪਲੇਟਫਾਰਮ ਗਾਹਕ ਨੂੰ ਜੁੜਨ ਲਈ ਸਬਸਕਿਰਪਸਨ ਭਾਵ ਕੁੱਝ ਪੈਸਿਆਂ ਦੀ ? ਮੰਗ ਕਰਦਾ ਹੈ ,ਸਬਸਕਿਰਪਸਨ ਲੈ ਕੇ ਸਬੰਧਤ ਓ ਟੀ ਟੀ ਪਲੇਟਫਾਰਮ ਦਾ ਗਾਹਕ ਬਣਨ ਤੋਂ ਬਾਅਦ ਸਬੰਧਤ ਓ ਟੀ ਟੀ ਪਲੇਟਫਾਰਮ ਤੇ ਰਿਲੀਜ਼ ਹੋਣ ਵਾਲੇ ਕਿਸੇ ਵੀ ਪ੍ਰਕਾਰ ਦੇ ਪ੍ਰੋਗਰਾਮ ਨੂੰ ਅਸੀਂ ਆਪਣੇ ਸਮਾਰਟਫੋਨ ਜਾਂ ਇੰਟਰਨੈੱਟ ਦੀ ਮਦਦ ਨਾਲ ਕਿਤੇ ਵੀ ਅਤੇ ਕਦੋਂ ਵੀ ਦੇਖ ਸਕਦੇ ਹਾਂ। ਅਜੋਕੇ ਸਮੇਂ ਵਿੱਚ ਬਣ ਰਹੇ ਬਹੁਤੇ ਪ੍ਰੋਗਰਾਮ ਓ ਟੀ ਟੀ ਦੀ ਮੰਗ ਦੇ ਆਧਾਰ ਤੇ ਬਣਾਏ ਜਾ ਰਹੇ ਹਨ।ਕੁੱਝ ਓ ਟੀ ਟੀ ਪਲੇਟਫਾਰਮ ਅਸ਼ਲੀਲ ਵੀਡੀਓ ਅਤੇ ਸਮੱਗਰੀ ਵੀ ਪ੍ਰਦਾਨ ਕਰ ਰਹੇ ਹਨ। ਸਿਨੇਮਾ ਵਿੱਚ ਰਿਲੀਜ਼ ਹੋਈ ਫ਼ਿਲਮ ਲੱਗਭੱਗ ਛੇ ਸੱਤ ਹਫ਼ਤਿਆਂ ਦੇ ਅੰਦਰ ਅੰਦਰ




ਕਿਸੇ ਨਾ ਕਿਸੇ ਓ ਟੀ ਪਲੇਟਫਾਰਮ ਤੇ ਰਿਲੀਜ਼ ਹੋ ਜਾਂਦੀ ਹੈ। ਓ ਟੀ ਟੀ ਪਲੇਟਫਾਰਮ ਤੇ ਫ਼ਿਲਮ ਰਿਲੀਜ਼ ਕਰਨ ਲਈ ਸਬੰਧਤ ਓ ਟੀ ਟੀ ਪਲੇਟਫਾਰਮ ਨੂੰ ਕਾਪੀਰਾਈਟ ਦਿੱਤਾ ਜਾਂਦਾ ਹੈ ਭਾਵ ਉਸਦੀ ਇਜਾਜ਼ਤ ਤੋਂ ਬਿਨ੍ਹਾਂ ਹੋਰ ਕੋਈ ਵੀ ਦੂਸਰਾ ਓ ਟੀ ਟੀ ਪਲੇਟਫਾਰਮ ਫ਼ਿਲਮ ਨੂੰ ਰਿਲੀਜ਼ ਨਹੀਂ ਕਰ ਸਕਦਾ।ਵੈੱਬ ਸੀਰੀਜ਼,ਸੀਰੀਅਲ ਅਤੇ ਕੁੱਝ ਫਿਲਮਾਂ ਤਾਂ ਸਿਨੇਮਾ ਦੀ ਬਜ਼ਾਏ ਸਿੱਧਾ ਹੀ ਓ ਟੀ ਟੀ ਤੇ ਰਿਲੀਜ਼ ਕਰ ਦਿੱਤੀਆਂ ਜਾਂਦੀਆਂ ਹਨ।ਓ ਟੀ ਟੀ ਪਲੇਟਫਾਰਮ ਮਨੋਰੰਜਨ ਦੇ ਨਾਲ ਨਾਲ ਕਮਾਈ ਦਾ ਵੀ ਇੱਕ ਵੱਡਾ ਸਾਧਨ ਬਣ ਕੇ ਉੱਭਰਿਆ। ਅਜੋਕੇ ਸਮੇਂ ਵਿੱਚ ਓ ਟੀ ਟੀ ਪਲੇਟਫਾਰਮ ਨੈੱਟਫਲਿਕਸ,ਜੀਓ ਹਾੱਟਸਟਾਰ, ਐਮਾਜ਼ੋਨ ਪਰਾਈਮ ਵੀਡਿਓ,ਚੌਪਾਲ, ਕੇਵਲ ਵਨ ਅਤੇ ਅਲਟਰਾ ਬਾਲਾ ਜੀ ਵਰਗੇ ਅਸ਼ਲੀਲ ਪਲੇਟਫਾਰਮ ਦੇਖੇ ਜਾ ਰਹੇ ਹਨ। ਸਮੇਂ ਸਮੇਂ ਤੇ ਓ ਟੀ ਟੀ ਪਲੇਟਫਾਰਮ ਨੂੰ ਅਸ਼ਲੀਲ ਸਮੱਗਰੀ ਰੋਕਣ ਲਈ ਹਿਦਾਇਤਾਂ ਜ਼ਾਰੀ ਹੋਈਆਂ ਪ੍ਰੰਤੂ ਉਹਨਾਂ ਦਾ ਕੋਈ ਬਹੁਤਾ ਅਸਰ ਦੇਖਣ ਨੂੰ ਨਹੀਂ ਮਿਲਿਆ। ਅੱਜ ਵੀ ਅਸੀਂ ਓ ਟੀ ਟੀ ਤੇ ਜਾ ਕੇ ਅਸ਼ਲੀਲ ਸਮੱਗਰੀ ਦੇਖ ਸਕਦੇ ਹਾਂ। ਇੰਟਰਨੈੱਟ ਦੀ ਸੇਵਾ ਨੇ ਮਨੁੱਖ ਨੂੰ ਸੌਖਾਲਾ ਜ਼ਰੂਰ ਕੀਤਾ ਪ੍ਰੰਤੂ ਕਈ ਪ੍ਰਕਾਰ ਦੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ।ਓ ਟੀ ਟੀ ਪਲੇਟਫਾਰਮ ਤੇ ਚਲ ਰਹੇ ਪ੍ਰੋਗਰਾਮਾਂ ਦੀ ਕੁਆਲਟੀ ਅਤੇ ਸੈਂਸਰ ਬੋਰਡ ਤੋਂ ਮੰਨਜ਼ੂਰੀ ਲੈਣੀ ਬਹੁਤ ਜ਼ਰੂਰੀ ਹੈ। ਸੈਂਸਰ ਬੋਰਡ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਕਿਸੇ ਵੀ ਪ੍ਰੋਗਰਾਮ ਨੂੰ ਚਲਾਉਣ ਤੋਂ ਪਹਿਲਾਂ ਉਸ ਵਿੱਚ ਦਿਖਾਈ ਜਾਣ ਵਾਲੀ ਸਮੱਗਰੀ ਅਤੇ ਉਸ ਦੇ ਨਤੀਜਿਆਂ ਬਾਰੇ ਜਰੂਰ ਸੋਚੇ। ਨੌਜਵਾਨ ਅਤੇ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਪਹੁੰਚੀ ਅਸ਼ਲੀਲ ਅਤੇ ਸਮਾਜ ਵਿਰੋਧੀ ਸਮੱਗਰੀ ਨੈਤਿਕਤਾ ਅਰਾਜਕਤਾ, ਸ਼ਾਂਤੀ ਅਤੇ ਖੁਸ਼ਹਾਲੀ ਨੂੰ ਖੋਰਾ ਲਾ ਸਕਦੀ ਹੈ। ਮਹਾਨ ਕੁਦਰਤੀ ਵਿਗਿਆਨੀ ਚਾਰਲਸ ਡਾਰਵਿਨ ਦਾ ਸਿਧਾਂਤ ਕੁਦਰਤ ਦੀ ਸਭ ਤੋਂ ਉੱਤਮ ਜਿੱਤ (Survival of the fittest) ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਬਦਲਾਅ ਕੁਦਰਤ ਦਾ ਨਿਯਮ ਹੈ। ਸਾਨੂੰ ਵੀ ਸਮੇਂ ਦੇ ਹਿਸਾਬ ਨਾਲ ਬਦਲਣਾ ਪਵੇਗਾ ਪ੍ਰੰਤੂ ਇਹ ਬਦਲਾਅ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਕੇ ਨਹੀਂ ਲਿਆ ਸਕਦੇ । ਮਨੋਰੰਜਨ ਲਈ ਬਣੇ ਸਾਧਨ ਸਮਾਜ ਵਿਰੋਧੀ ਨਹੀਂ ਹੋਣੇ ਚਾਹੀਦੇ।ਓ ਟੀ ਟੀ ਪਲੇਟਫਾਰਮ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਪ੍ਰੋਗਰਾਮ ਦਿਖਾਉਣ ਤੋਂ ਗ਼ੁਰੇਜ਼ ਕਰੇ ਜੋ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਦੇ ਰਾਹ ਵੱਲ ਧੱਕਦੀ ਹੈ। ਸਰਕਾਰ ਨੂੰ ਅਸੀਂ ਗੁਜ਼ਾਰਿਸ਼ ਕਰਦੇ ਹਾਂ ਕਿ ਉਹ ਜਲਦ ਤੋਂ ਜਲਦ ਓ ਟੀ ਟੀ ਪਲੇਟਫਾਰਮਾਂ ਲਈ ਨੀਤੀ ਅਤੇ ਨਿਯਮ ਤਿਆਰ ਕਰੇ। ਉਲੰਘਣਾ ਕਰਨ ਵਾਲੇ ਲਈ ਸਖ਼ਤ ਤੋਂ ਸਖ਼ਤ ਸਜ਼ਾ ਮੁਕੱਰਰ ਕਰਨੀ ਹੋਵੇਗੀ।ਇਸ ਦੇ ਨਾਲ ਨਾਲ ਸੈਂਸਰ ਬੋਰਡ ਨੂੰ ਵੀ ਓ ਟੀ ਟੀ ਤੇ ਦਿਖਾਏ ਜਾਣ ਵਾਲੇ ਪ੍ਰੋਗਰਾਮਾਂ ਤੇ ਸਖ਼ਤ ਨਿਗਰਾਨੀ ਰੱਖਣੀ ਹੋਵੇਗੀ ਤਾਂ ਜ਼ੋ ਮਨੋਰੰਜਨ ਦੇ ਨਾਲ ਨਾਲ ਭਾਰਤ ਦੇਸ਼ ਦੀ ਆਸਥਾ, ਮਰਿਆਦਾ, ਨੈਤਿਕਤਾ, ਸੱਭਿਅਤਾ, ਭਾਈਚਾਰਕ ਸਾਂਝ ਅਤੇ ਏਕਤਾ ਵੀ ਬਣੀ ਰਹੇ।

# ਪੰਜਾਬੀ ਗਾਇਕੀ ਦੀ ‘ਸੰਦਲੀ ਫਿਜਾ ਦਾ ਗਹਿਣਾਂ’ ਨੇ ਉਦਾਸ ਗੀਤ

ਮਨਜਿੰਦਰ ਸਿੰਘ ਸਰੌਦ
(ਮਾਲੇਰਕੋਟਲਾ )

ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਸਮੇਂ-ਸਮੇਂ ਤੇ ਹਰ ਤਰ੍ਹਾਂ ਦੇ ਰੰਗ ਤੇ ਵੰਨਗੀਆਂ ਆਪੋ ਆਪਣੀ ਕਲਾ ਦਾ ਜੌਹਰ ਜਰੂਰ ਵਿਖਾਉਂਦੀਆਂ ਰਹਿੰਦੀਆਂ ਹਨ ।ਜਿਵੇਂ ਅੱਜ ਕੱਲ੍ਹ ਸਿੰਗਲ ਟਰੈਕ ਰਾਹੀਂ ਧੂਹ ਘੜੀਸ ਤੇ ਚੱਕਲੋ ਧਰਲੋ ਵਾਲੇ ਗੀਤਾਂ ਨੇ ਹਨੇਰੀ ਲਿਆਂਦੀ ਹੈ ।ਕਦੇ ਉਸੇ ਤਰ੍ਹਾਂ ਨੱਬੇ ਵੇਂ ਦਹਾਕੇ ਦੇ ਆਲੇ ਦੁਆਲੇ ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਉਦਾਸ ਗੀਤਾਂ ਦੀਆਂ ਕਲੀਆਂ ਦੇ ਫੁੱਲ ਵੀ ਖਿੜਦੇ ਸਨ ।ਇਹ ਵੱਖਰਾ ਵਿਸ਼ਾ ਹੈ ਕਿ ਅੱਜ ਕੱਲ੍ਹ ਦੀ ਗਾਇਕੀ ਨੇ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਪਾਉਣ ਦਾ ਵੱਡਾ ਯਤਨ ਯਤਨ ਕੀਤੈ , ਪਰ ਉਦਾਸ ਗੀਤਾਂ ਜਰੀਏ ਉਸ ਸਮੇਂ ਦੀ ਨੌਜਵਾਨੀ ਆਪਣੇ ਪ੍ਰਤੀਬਿੰਬ ਨੂੰ ਕਿਸੇ ਹੋਰ ਢੰਗ ਨਾਲ ਵੇਖਦੀ ਸੀ ।ਅੱਜ ਦੀ ਕੱਚ-ਘਰੜ ਗਾਇਕੀ ਤੇ ਉਸ ਸਮੇਂ ਦੀ ਉਦਾਸ ਸੁਰ ਵਾਲੀ ਗਾਇਕੀ ਵਿਚ ਬੜਾ ਵੱਡਾ ਅੰਤਰ ਸਾਫ਼ ਵਿਖਾਈ ਦਿੰਦਾ ਹੈ ।ਇਹ ਠੀਕ ਹੈ ਕਿ ਸਮੇਂ ਦੀ ਮਾਰੀ ਪਲਟੀ ਤੇ ਗਲੈਮਰ ਦੀ ਚਕਾਚੌਂਧ ਨੇ ਵੀਡੀਓਜ਼ ਦੇ ਖੇਤਰ ਰਾਹੀਂ ਇਕ ਵੱਡਾ ਪੱਲੇਟਫਾਰਮ ਕਲਾਕਾਰ ਵਰਗ ਨੂੰ ਦਿੱਤਾ ਪਰ ਉਸ ਸਮੇਂ ਜੋ ਸੁਹਜ ਤੇ ਸਵਾਦ ਉਦਾਸ ਗੀਤਾਂ ਨੂੰ ਸੁਣਨ ਵਿੱਚ ਆਉਂਦਾ ਸੀ ਉਹ ਕਿਧਰੇ ਵੀ ਵਿਖਾਈ ਨਹੀਂ ਦਿੰਦਾ ।ਇਕ ਸਮਾਂ ਉਹ ਵੀ ਸੀ ਜਦ ਕਾਲਜੀਏਟ ਨੌਜਵਾਨ ਤੇ ਮੁੰਡੇ ਕੁੜੀਆਂ ਉਸ ਸਮੇਂ ਦੇ ਉਦਾਸ ਗੀਤਾਂ ਦੇ ਇਸ ਕਦਰ ਦੀਵਾਨੇ ਸਨ ਕਿ ਉਹ ਉਦਾਸ ਗੀਤ ਗਾਉਣ ਵਾਲੇ ਕਲਾਕਾਰਾਂ ਦੀਆਂ ਤਸਵੀਰਾਂ ਤੱਕ ਨੂੰ ਪਿਆਰ ਕਰਦੇ ਸਨ ।ਉਸ ਸਮੇਂ ਦੇ ਦੀਵਾਨਿਆਂ ਕੋਲ ਅੱਜ ਵੀ ਇਹ ਗੀਤ ਕਿਸੇ ‘ਸੱਜਣ ਦੇ ਗਹਿਣੇ’ ਵਾਂਗਰਾਂ ਸਾਂਭੇ ਪਏ ਹਨ ।

ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਇਤਿਹਾਸ ਅੰਦਰ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਆਪਣੇ ਸਮੇਂ ਦੇ ਬਾਬਾ ਬੋਹੜ ਜਰਨੈਲ ਸਿੰਘ ਘੁਮਾਣ ਦੀ ਕਲਮ ਚੋਂ ਨਿਕਲੇ ਗੀਤਾਂ ਨੂੰ ਦਰਜਨਾਂ ਕਲਾਕਾਰ ਗਾ ਕੇ ਗਾਇਕੀ ਦੇ ਸ਼ਾਹ ਅਸਵਾਰ ਬਣੇ ।ਉਦਾਸ ਗੀਤਾਂ ਰਾਹੀਂ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਜਰਨੈਲ ਸਿੰਘ ਘੁਮਾਣ ਤੇ ਭਿੰਦਰ ਡੱਬਵਾਲੀ ਨੂੰ ਆਪਣੇ ਗੀਤਾਂ ਦਾ ਹੀਰੋ ਤੇ ਆਦਰਸ਼ ਮੰਨਣ ਤੋਂ ਇਨਕਾਰੀ ਨਹੀਂ ਸੀ । ਜੇ ਵੇਖੀਏ ਭਾਵੇਂ ਅੱਗੇ-ਪਿੱਛੇ ਬਹੁਤ ਸਾਰੇ ਗੀਤ ਮਾਰਕੀਟ ਦੇ ਵਿਚ ਉਦਾਸੀ ਸੁਰ ਵਾਲੇ ਆਏ ਪਰ ਪੰਜਾਬੀ ਗਾਇਕ ਰਣਜੀਤ ਮਣੀ , ਧਰਮਪ੍ਰੀਤ , ਮਨਜੀਤ ਰੂਪੋਵਾਲੀਆ , ਹਰਦੇਵ ਮਾਹੀਨੰਗਲ , ਦਵਿੰਦਰ ਕੋਹੇਨੂਰ , ਕਰਮਜੀਤ ਰੰਧਾਵਾ ਸਮੇਤ ਕਈ ਚੋਟੀ ਦੇ ਕਲਾਕਾਰ ਨੇ ਲੰਬਾ ਸਮਾਂ ਉਦਾਸ ਗੀਤਾਂ ਰਾਹੀਂ ਮਾਰਕੀਟ ਅੰਦਰ ਆਪਣੇ ਸਬਦ ਰਾਹੀਂ ਜਲਵਾ ਬਿਖੇਰਿਆ । ਜ਼ਿਆਦਾਤਰ ਉਦਾਸ ਗੀਤ ਉਸ ਸਮੇਂ ਦੇ ਗੀਤਕਾਰ ਬਚਨ ਬੇਦਿਲ , ਭਿੰਦਰ ਡੱਬਵਾਲੀ , ਕੋਮਲ ਸੁਨਾਮੀ ਦੀਆਂ ਕਲਮਾਂ ਦਾ ਸ਼ਿੰਗਾਰ ਬਣੇ । ਗੀਤਕਾਰ ਜਸਬੀਰ ਗੁਣਾਚੌਰੀਆ ਤੇ ਗੁਰਚਰਨ ਵਿਰਕ ਦੀ ਗਿਣਤੀ ਵੀ ਪਾਏਦਾਰ ਗੀਤਕਾਰਾਂ ਵਿੱਚ ਹੁੰਦੀ ਸੀ ।ਹਰਜਿੰਦਰ ਬੱਲ ਦੇ ਲਿਖੇ ਗੀਤ ਵੀ ਨੌਜਵਾਨਾਂ ਦੇ ਮੂੰਹਾਂ ਤੇ ਆਪ ਮੁਹਾਰੇ ਆ ਜਾਂਦੇ ਸਨ ।ਲੰਘੇ ਸਮੇਂ ਇਨ੍ਹਾਂ ਵਿੱਚੋਂ ਕਈ ਗੀਤਾਂ ਤੇ ਆਸ਼ਕੀ ਨੂੰ ਬੜ੍ਹਾਵਾ ਦੇਣ ਦੇ ਦੋਸ਼ ਵੀ ਲੱਗੇ । ਗਾਇਕ ਰਣਜੀਤ ਮਣੀ ਨੂੰ ਉਸ ਸਮੇਂ ‘ਮੇਰੇ ਸੋਹਣੇ ਦਾ ਪ੍ਰਿੰਸੀਪਲ ਜੀ ਹਾੜ੍ਹਾ ਕੱਟਿਓ ਨਾ ਕਾਲਜ ਚੋਂ ਨਾਂ’ ਤੇ ‘ਤੇਰੇ ਵਿਆਹ ਦੇ ਕਾਰਡ’ ਵਾਲੀ ਕੈਸਟ ਨੇ ਹੱਥੋ-ਹੱਥੀ ਸਟਾਰਾਂ ਦੀ ਗਿਣਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਇਕ ਤਰ੍ਹਾਂ ਨਾਲ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਧੂਮ ਮਚਾ ਦਿੱਤੀ ਸੀ ਇਨ੍ਹਾਂ ਗੀਤਾਂ ਨੇ ।ਸਵ.ਧਰਮਪ੍ਰੀਤ ਦੇ ‘ਟੁੱਟੇ ਦਿੱਲ ਨੀ ਜੁਡਦੇ ਅੜੀਏ ਤੋੜੀ ਨਾਂ’ ਗੀਤ ਵਾਲੀ ਕੈਸਟ ਬੱਸਾਂ ਤੋਂ ਲੈ ਕੇ ਟਰੈਕਟਰਾਂ ਤਕ ਰੂਹ ਨਾਲ ਸੁਣੀ ਗਈ ।ਸੋਹਣੇ ਸੁਨੱਖੇ ਨੌਜਵਾਨ ਮਨਜੀਤ ਰੂਪੋਵਾਲੀਆ ਦਾ ਆਪਣਾ ਇੱਕ ਵੱਖਰਾ ਸਥਾਨ





ਸੀ ਉਸ ਨੇ ਗੀਤ ਭਾਵੇਂ ਘੱਟ ਗਾਏ ਪਰ ‘ਜੇ ਕਹਿਤਾ ਜੀਅ ਨ੍ਹੀਂ ਲੱਗਣਾ ਫੇਰ ਕਿਹੜਾ ਵਾਪਸ ਆਜੇਂਗੀ , ‘ਇਹ ਕੁੜੀ ਓਹੀ ਹੋਣੀ ਐਂ ਸਦਾ ਲਈ ਨੌਜਵਾਨ ਸਰੋਤਿਆਂ ਦੇ ਮੂੰਹੋਂ ਚੜ੍ਹ ਗਏ ।ਹਰਦੇਵ ਮਾਹੀਨੰਗਲ ਨੇ ‘ਰਾਤੀਂ ਘੋਲ ਕੇ ਸ਼ਰਾਬ ਵਿਚ ਪੀ ਗਿਆ’ ਤੇ ‘ਮਾਹੀ ਚਾਹੁੰਦਾ ਕਿਸੇ ਹੋਰ ਨੂੰ’ ਵਰਗੇ ਗੀਤਾਂ ਨੂੰ ਜਦ ਆਪਣੀ ਆਵਾਜ਼ ਰਾਹੀਂ ਕਾਇਨਾਤ ਦੀ ਸੰਦਲੀ ਫ਼ਿ?ਜਾ ਵਿੱਚ ਬਿਖੇਰਿਆ ਤਾਂ ਉਸ ਨੂੰ ਵੱਡੇ ਮਾਣ ਸਨਮਾਨ ਮਿਲੇ ।ਉਸ ਸਮੇਂ ਕਈ ਪੰਜਾਬੀ ਗਾਇਕੀ ਦੇ ਪੰਡਤਾਂ ਵੱਲੋਂ ਉਸ ਗਾਇਕੀ ਨੂੰ ਹਟਕੋਰਿਆਂ ਤੇ ਹਉਕਿਆਂ ਦੀ ਗਾਇਕੀ ਕਹੇ ਜਾਣ ਦੇ ਨਾਲ-ਨਾਲ ਬਹੁਤੇ ਲੋਕ ਟੁੱਟੇ ਦਿਲਾਂ ਤੇ ਵਿਛੋੜੇ ਦੀ ਵੇਦਨਾ ਦਾ ਸ਼ਿਕਾਰ ਨੌਜਵਾਨਾਂ ਲਈ ਇਸ ਗਾਇਕੀ ਨੂੰ ਵੱਡਾ ਢਾਰਸ ਵੀ ਮੰਨਦੇ ਸਨ । ਗਰੀਬ ਘਰ ਚੋਂ ਉੱਠੇ ਦਵਿੰਦਰ ਕੋਹੇਨੂਰ ਤੇ ਕਰਮਜੀਤ ਰੰਧਾਵਾ ਨੇ ਜ਼ਿਆਦਾਤਰ ਬਚਨ ਬੇਦਿਲ ਦੀ ਕਲਮ ਚੋਂ ਨਿਕਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਤੇ ਬੇਸ਼ੱਕ ਲੰਮਾ ਸਮਾਂ ਪੰਜਾਬੀ ਗਾਇਕੀ ਅੰਦਰ ਟਿਕ ਨਾ ਸਕੇ ਪਰ ਇੱਕ ਸਥਾਨ ਜ਼ਰੂਰ ਬਣਾ ਗਏ । ਦਵਿੰਦਰ ਨੇ ‘ਤੈਨੂੰ ਦਿਲ ਦੇ ਖ਼ੂਨ ਦੀ ਮਹਿੰਦੀ ਦਿੰਦੇ ਤਲੀਆਂ ਉੱਤੇ ਲਾਉਣ ਲਈ’ ਵਰਗੇ ਗੀਤ ਗਾਏ ਤਾਂ ਨੌਜਵਾਨੀ ਨੇ ਇਕਦਮ ਉਸ ਨੂੰ ਅੱਖਾਂ ਦੀਆਂ ਪਲਕਾਂ ਤੇ ਚੁੱਕ ਲਿਆ । ਰੰਧਾਵਾ ਨੇ ਜ਼ਿਆਦਾਤਰ ਕਿਸਾਨੀ ਨਾਲ ਸਬੰਧਤ ਗੀਤਾਂ ਨੂੰ ਨੂੰ ਆਪਣੀ ਆਵਾਜ਼ ਦਿੱਤੀ ।ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਕਈ ਦਹਾਕੇ ਇਨ੍ਹਾਂ ਕਲਾਕਾਰਾਂ ਨੇ ਆਪਣੇ ਸਰੋਤਿਆਂ ਦੇ ਮਨਾਂ ਤੇ ਰੱਜ ਕੇ ਰਾਜ ਕੀਤਾ ਤੇ ਚੋਖਾ ਨਾਵਾਂ ਵੀ ਕਮਾਇਆ ਪਰ ਇਨ੍ਹਾਂ ਵਿੱਚੋ ਬਹੁਤੇ ‘ਗਲੈਮਰ ਦੀਆਂ ਫੇਟਾਂ’ ਨੂੰ ਝੱਲ ਨਾ ਸਕੇ ਤੇ ਛੇਤੀ ਹੀ ਪਰਦੇ ਤੋਂ ਅਲੋਪ ਹੋ ਗਏ ।ਕਈਆਂ ਨੇ ਸਮੇਂ ਦੇ ਨਾਲ ਬਦਲਣ ਦੀ ਡਾਹਢੀ ਕੋਸ਼ਿਸ਼ ਵੀ ਕੀਤੀ ਤੇ ਥੋੜ੍ਹਾ ਬਹੁਤਾ ਸਫਲ ਵੀ ਹੋਏ ਪਰ ਜ਼ਿਆਦਾਤਰ੍ਹ ਨੂੰ ਅਸਫਲਤਾ ਦਾ ਮੂੰਹ ਹੀ ਵੇਖਣਾ ਪਿਆ ।ਪੰਜਾਬੀ ਗਾਇਕੀ ਦੇ ਇਕ ਖੇਤਰ ਦੇ ਇਨ੍ਹਾਂ ਫ਼ਨਕਾਰਾਂ ਵਿੱਚੋਂ ਕੁਝ ਇਕ ਇਸ ਸੰਸਾਰ ਤੋਂ ਕੂਚ ਵੀ ਕਰ ਚੁੱਕੇ ਹਨ ਤੇ ਕਈਆਂ ਨੇ ਆਪਣਾ ਰੈਣ ਬਸੇਰਾ ਵਿਦੇਸ਼ੀ ਧਰਤੀ ਤੇ ਬਣਾ ਲਿਆ ਹੈ । ਇਨ੍ਹਾਂ ਉਦਾਸ ਗੀਤਾਂ ਨੂੰ ਆਪਣੀ ਆਵਾਜ ਦੇਣ ਵਾਲੇ ਕਲਾਕਾਰਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਭਾਵੇਂ ਟੁੱਟਵੇਂ-ਟੁੱਟਵੇਂ ਗੀਤ ਮਾਰਕੀਟ ਵਿਚ ਆਉਂਦੇ ਰਹੇ ਪਰ ਇਹ ਉਹ ਸਮਾਂ ਸੀ ਜਦ ਜ਼ਿ?ਆਦਾਤਰ ਤੂਤੀ ਇਨ੍ਹਾਂ ਕਲਾਕਾਰਾਂ ਦੇ ਉਦਾਸ ਗੀਤਾਂ ਦੀ ਹੀ ਮਾਰਕੀਟ ਅੰਦਰ ਬੋਲਦੀ ਸੀ । ਉਦਾਸ ਗੀਤ ਭਾਵੇਂ ਰਾਜ ਬਰਾੜ , ਕਰਮਜੀਤ ਅਨਮੋਲ , ਇੰਦਰਜੀਤ ਨਿੱਕੂ , ਰਵਿੰਦਰ ਗਰੇਵਾਲ , ਫਕੀਰ ਚੰਦ ਪਤੰਗਾ ਸਮੇਤ ਹੋਰਨਾਂ ਕਈ ਕਲਾਕਾਰਾਂ ਨੇ ਵੀ ਗਾਏ ਪਰ ਪਰ ਉਪਰਲੇ ਕਲਾਕਾਰਾਂ ਵੱਲੋਂ ਕੇਵਲ ਤੇ ਕੇਵਲ ਲੰਮਾ ਸਮਾਂ ਉਦਾਸ ਗੀਤਾਂ ਜ਼ਰੀਏ ਮਾਰਕੀਟ ਅੰਦਰ ਆਪਣੇ ਨਾਮ ਦਾ ਡੰਕਾ ਵਜਵਾਇਆ ਗਿਆ । ਇਕ ਸਮਾਂ ਸੀ ਜਦ ਨੌਜਵਾਨੀ ਇਨ੍ਹਾਂ ਕਲਾਕਾਰਾਂ ਨੂੰ ਉਦਾਸ ਗੀਤਾਂ ਵਾਲੇ ਕਲਾਕਾਰਾਂ ਦੇ ਨਾਮ ਨਾਲ ਬੁਲਾਉਣ ਲੱਗੀ ਸੀ ।ਖ਼ੈਰ ਕੁਝ ਵੀ ਸੀ ਪਰ ਉਸ ਸਮੇਂ ਉਦਾਸ ਗੀਤਾਂ ਜ਼ਰੀਏ ਇਨ੍ਹਾਂ ਕਲਾਕਾਰਾਂ ਵੱਲੋਂ ਕੀਤੀ ਝੰਡੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਹਿੱਸਾ ਜ਼ਰੂਰ ਬਣ ਗਈ ।ਕਿਤੇ ਨਾ ਕਿਤੇ ਸੱਥਾਂ ਵਿੱਚ ਬੈਠੇ ਲੋਕ ਅੱਜ ਵੀ ਕਹਿ ਦਿੰਦੇ ਨੇ ਕਿ ਅੱਜ ਦੇ ਆਹ ‘ਫੁਕਰਾਪੰਥੀ ਕਲਾਕਾਰਾਂ’ ਨਾਲੋਂ ਉਨ੍ਹਾਂ ਕਲਾਕਾਰਾਂ ਦੀ ਗਾਇਕੀ ਕਈ ਦਰਜੇ ਜ਼ਿਆਦਾ ਚੰਗੀ ਸੀ ।ਇਹ ਗੱਲ ਠੀਕ ਹੈ ਕਿ ਉਸ ਸਮੇਂ ਵੀ ਕਈ ਕਲਾਕਾਰਾਂ ਤੇ ਆਪਣੇ ਗੀਤਾਂ ਜ਼ਰੀਏ ਨੌਜਵਾਨੀ ਨੂੰ ਵਿਗਾੜਨ ਦੇ ਦੋਸ਼ ਲੱਗੇ ਪਰ ਅੱਜ ਦੇ ਮੁਕਾਬਲੇ ਉਸ ਨੂੰ ‘ਤੁੱਛ’ ਗਿਣਿਆ ਜਾਵੇਗਾ । ਬਿਨਾਂ ਸ਼ੱਕ ਉਦਾਸ ਗੀਤਾਂ ਨੇ ਲੰਬਾ ਸਮਾਂ ਪੰਜਾਬੀ ਗਾਇਕੀ ਦੀ ‘ਸੰਦਲੀ ਫ਼ਿ?ਜਾਂ’ ਅੰਦਰ ਆਪਣੀ ‘ਕਲਾ ਦਾ ਜਲਵਾ’ ਬਿਖੇਰਿਆ । ਜਿਸ ਨੂੰ ਅੱਜ ਕਈ ਦਹਾਕੇ ਬੀਤ ਜਾਣ ਦੇ ਬਾਅਦ ਵੀ ਉਸ ਸਮੇਂ ਦੇ ਸਮਕਾਲੀ ਲੋਕ ‘ਠੰਡੀ ਹਾਅ’ ਭਰ ਕੇ ਯਾਦ ਕਰਦੇ ਹਨ ।

# ਇਨਕਲਾਬੀ ਲਹਿਰ - ਪਗੜੀ ਸੰਭਾਲ਼ ਜੱਟਾ

**ਡਾ. ਰਾਜਵੰਤ ਕੌਰ ਪ੍ਰੀਤ ਮਾਨ**

ਭਾਰਤ ਵਿਚ 1857 ਵਿਚ ਅੰਗ੍ਰੇਜ਼ੀ ਸ਼ਾਸ਼ਨ ਦੇ ਖਿਲਾਫ਼ ਹਥਿਆਰਬੰਦ ਫੌਜਾਂ ਨੇ ਲੜਾਈ ਲੜੀ ਜਿਸ ਨੂੰ ਬਗ਼ਾਵਤ ਦਾ ਨਾਂ ਦੇ ਕੇ ਸਖ਼ਤੀ ਨਾਲ਼ ਦਬਾ ਦਿੱਤਾ ਗਿਆ। ਦਰਅਸਲ ਇਹ ਆਜ਼ਾਦੀ ਦੀ ਪਹਿਲੀ ਲੜਾਈ ਸੀ। ਇਸ ਦੇ ਮਗਰੋਂ ਭਾਰਤ ਵਿਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਥਾਂ ਬਰਤਾਨਵੀ ਹਕੂਮਤ ਦਾ ਸਿੱਧਾ ਸ਼ਾਸ਼ਨ ਹੋ ਗਿਆ ਅਤੇ ਗਵਰਨਰ ਜਨਰਲ ਦੀ ਥਾਂ ਵਾਇਸਰਾਏ ਨਿਯੁਕਤ ਹੋਣ ਲੱਗੇ। ਲੋਕਾਂ ਨੂੰ ਦਬਾਉਣ ਲਈ ਕਈ ਤਰ੍ਹਾਂ ਦੀ ਸਖਤੀ ਵਰਤੀ ਜਾਣ ਲੱਗੀ। ਲੋਕਾਂ ਅੰਦਰ ਰੋਹ ਦੀ ਭਾਵਨਾ ਸੁਲਗਦੀ ਰਹੀ। ਪੰਜਾਬ ਖੇਤੀ ਪ੍ਰਧਾਨ ਸੂਬਾ ਰਿਹਾ ਹੈ। ਇੱਥੋਂ ਦੀ ਜ਼ਰਖ਼ੇਜ਼ ਜ਼ਮੀਨ ਅਤੇ ਮਿਹਨਤੀ ਕਿਸਾਨਾਂ ਸਦਕਾ ਖੇਤੀ ਦੀ ਪੈਦਾਵਾਰ ਵਧੇਰੇ ਹੁੰਦੀ ਸੀ।ਇਸ ਦੇ ਬਾਵਜੂਦ ਵੀ ਅੰਗ੍ਰੇਜ਼ ਸਰਕਾਰ ਦੀਆਂ ਕਿਸਾਨ-ਮਾਰੂ ਨੀਤੀਆਂ ਕਾਰਨ ਜਿਨਸਾਂ ਦੇ ਭਾਅ ਬਹੁਤ ਘੱਟ ਮਿਲਦੇ ਸਨ। ਸਿੱਟੇ ਵਜੋਂ ਕਿਸਾਨ ਗ਼ਰੀਬ ਹੁੰਦੇ ਗਏ ਅਤੇ ਸ਼ਾਹੂਕਾਰਾਂ ਦੇ ਕਰਜ਼ੇ ਹੇਠ ਦਬਦੇ ਗਏ। ਸ਼ਾਹੂਕਾਰ ਵਿਆਜ ਵੱਧ ਵਸੂਲਦੇ ਸਨ। ਕਰਜ਼ਾ ਨਾ ਮੋੜਨ ਦੀ ਹਾਲਤ ਵਿਚ ਕਿਸਾਨ ਦੀ ਜ਼ਮੀਨ ਸ਼ਾਹੂਕਾਰ ਗਹਿਣੇ ਜਾਂ ਬੈਅ ਲੈ ਲੈਂਦੇ ਸਨ। ਕਈ ਹਾਲਤਾਂ ਵਿਚ ਤਾਂ ਜ਼ਮੀਨਾਂ ਦੇ ਮਾਲਕ ਬੇ-ਜ਼ਮੀਨੇ ਹੋ ਕੇ ਮਜ਼ਦੂਰੀ ਕਰਨ ਲਗਦੇ ਸਨ। ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਸੀ ਮਿਲਦੀਆਂ। ਉਹ ਫੌਜ ਵਿਚ ਭਰਤੀ ਹੁੰਦੇ ਸਨ ਪਰ ਇੱਥੇ ਵੀ ਵਿਤਕਰਾ ਜਾਰੀ ਸੀ। ਪੰਜਾਬੀ ਸਿਪਾਹੀ ਜਾਂ ਅਫਸਰ ਨੂੰ ਬਰਾਬਰ ਦੇ ਰੈਂਕ ਵਾਲ਼ੇ ਅੰਗ੍ਰੇਜ਼ ਨਾਲੋਂ ਸਹੂਲਤਾਂ ਅਤੇ ਤਨਖ਼ਾਹ ਘੱਟ ਮਿਲਦੀਆਂ ਸਨ। ਲੋਕਾਂ ਵਿਚ ਰੋਹ ਦੀ ਭਾਵਨਾ ਵਧ ਰਹੀ ਸੀ।

ਸਰਕਾਰ ਨੇ ਆਪਣੀ ਸਲਾਮਤੀ ਲਈ, ਲੋਕਾਂ ਦੀ ਗ਼ਰੀਬੀ ਕਾਰਨ ਬੇ-ਭਰੋਸਗੀ ਦੂਰ ਕਰਨ ਲਈ ਅਤੇ ਕਿਸਾਨ ਨੂੰ ਸ਼ਾਹੂਕਾਰ ਦੇ ਚੁੰਗਲ ਵਿੱਚੋਂ ਕੱਢਣ ਦੀ ਮਨਸ਼ਾ ਨਾਲ਼ ਸੰਨ 1900 ਵਿਚ ਪੰਜਾਬ ਏਲੀਐਨੇਸ਼ਨ ਐਕਟ ਬਣਾਇਆ। ਇਸ ਮੁਤਾਬਕ ਕਿਸਾਨ ਆਪਣੀ ਜ਼ਮੀਨ ਕਿਸੇ ਗ਼ੈਰਕਾਸ਼ਤਕਾਰ ਨੂੰ ਨਾ ਵੇਚ ਸਕਦਾ ਸੀ ਤੇ ਨਾ ਹੀ ਗਹਿਣੇ ਕਰ ਸਕਦਾ ਸੀ। ਸੰਨ 1906 ਵਿਚ ਦੋ ਹੋਰ ਬਿਲ ਬਣਾਏ - ਕੋਲੋਨਾਈਜ਼ੇਸ਼ਨ ਐਕਟ ਅਤੇ ਦੋਆਬ ਬਾਰੀ ਐਕਟ। ਇਸ ਨਾਲ਼ ਜ਼ਮੀਨ ਦਾ ਮਾਲੀਆ25 ਪ੍ਰਤੀਸ਼ਤ ਵਧਾ ਦਿੱਤਾ, ਦੋਆਬ ਬਾਰੀ ਦੇ ਨਹਿਰੀ ਪਾਣੀ ਦੇ ਰੇਟ ਵੀ ਵਧਾ ਦਿੱਤੇ। ਕਿਸਾਨ ਆਪਣੀ ਵਸੀਅਤ ਵੀ ਨਹੀਂ ਸੀ ਬਣਾ ਸਕਦੇ। ਜੇ ਕੋਈ ਕਿਸਾਨ ਬੇ-ਉਲਾਦਾ ਮਰ ਜਾਵੇ ਤਾਂ ਸਰਕਾਰ ਉਸ ਦੀ ਜ਼ਮੀਨ-ਜਾਇਦਾਦ ਆਪਣੇ ਕਬਜ਼ੇ ਵਿਚ ਕਰ ਸਕਦੀ ਸੀ। ਕਿਸਾਨ ਤਾਂ ਪਹਿਲਾਂ ਹੀ ਮਸਾਂ ਗ਼ੁਜ਼ਾਰਾ ਕਰ ਰਹੇ ਸਨ। ਇਨ੍ਹਾਂ ਤਿੰਨਾਂ ਖੇਤੀ ਨਾਲ਼ ਸੰਬੰਧਤ ਕਾਨੂੰਨਾਂ ਨੇ ਕਿਸਾਨਾਂ ਅੰਦਰ ਰੋਹ ਨੂੰ ਹੋਰ ਵੀ ਭੜਕਾ ਦਿੱਤਾ। ਇਨ੍ਹਾਂ ਹਾਲਤਾਂ ਨੇ ਪੰਜਾਬ ਅੰਦਰ ਇਕ ਜਨਤਕ ਲਹਿਰ ਨੂੰ ਜਨਮ ਦਿੱਤਾ ਜੋ ਪਗੜੀ ਸੰਭਾਲ਼ ਲਹਿਰ ਵਜੋਂ ਜਾਣੀ ਗਈ। ਪਗੜੀ ਕਿਸਾਨ ਦੀ ਆਨ, ਸ਼ਾਨ ਅਤੇ ਇੱਜ਼ਤ, ਇੱਥੋਂ ਤਕ ਕਿ ਉਸ ਦੀ ਹੋਂਦ ਦਾ ਪ੍ਰਤੀਕ ਮੰਨੀ ਜਾਂਦੀ ਹੈ।

ਪੰਜਾਬ ਵਿਚ ਪਗੜੀ ਸੰਭਾਲ਼ ਜੱਟਾ ਲਹਿਰ ਨੂੰ ਭਗਤ ਸਿੰਘ ਦੇ ਚਾਚਾ ਜੀ, ਅਜੀਤ ਸਿੰਘ ਦੀ ਅਗਵਈ ਵਿਚ ਤਕੜਾ ਹੁੰਗਾਰਾ ਮਿਲਿਆ।ਉਸ ਵੇਲ਼ੇ ਦੇ ਇਨ੍ਹਾਂ ਤਿੰਨ ਕਾਲ਼ੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ 22 ਮਾਰਚ, 1907 ਨੂੰ ਲਾਇਲਪੁਰ ਵਿਖੇ ਭਰਵੀਂ ਮੀਟਿੰਗ ਹੋਈ ਜਿਸ ਵਿਚ ਝੰਗ ਸਿਆਲ ਦੇ ਸੰਪਾਦਕ ਲਾਲਾ ਬਾਂਕੇ ਦਿਆਲ ਨੇ 'ਪਗੜੀ ਸੰਭਾਲ਼ ਜੱਟਾ' ਨਾਂ ਦੀ ਕਵਿਤਾ ਪੜ੍ਹੀ। ਬਾਂਕੇ ਦਿਆਲ ਦਾ ਲਿਖਿਆ ਇਹ ਗਾਣਾ ਪੰਜਾਬ ਵਿਚ ਗੂੰਜ ਉੱਠਿਆ। ਕ੍ਰਾਂਤੀਕਾਰੀ ਇਹ ਗਾਣਾ ਗਾਉਂਦੇ ਲੋਕਾਂ ਵਿਚ ਜਾਗ੍ਰਤੀ ਲਿਆਉਣ ਵਿਚ ਸਫਲ ਹੋਏ।

**ਪਗੜੀ ਸੰਭਾਲ਼ ਜੱਟਾ ਪਗੜੀ ਸੰਭਾਲ਼ ਉਏ।**
**ਦੇਖ ਕਿਵੇਂ ਗ਼ੈਰ ਤੇਰਾ ਲੁੱਟ ਰਹੇ ਨੇ ਮਾਲ ਉਏ।**

ਭਾਰਤੀ ਮਾਮਲਿਆਂ ਦੇ ਮੰਤਰੀ ਲਾਰਡ ਮਾਰਲੇ ਨੇ ਬਰਤਾਨਵੀ ਪਾਰਲੀਮੈਂਟ ਵਿਚ ਬਿਆਨ ਦਿੱਤਾ ਕਿ ਇਸ ਲਹਿਰ ਦੌਰਾਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਕੁੱਲ 33 ਮੀਟਿੰਗਾਂ ਹੋਈਆਂ, ਜਿਨ੍ਹਾਂ ਵਿੱਚੋਂ 19 ਵਿਚ ਅਜੀਤ ਸਿੰਘ ਹੀ ਮੁੱਖ ਬੁਲਾਰਾ ਸੀ। ਅਜੀਤ ਸਿੰਘ ਦੁਆਰਾ 21 ਅਪ੍ਰੈਲ, 1907 ਨੂੰ ਰਾਵਲਪਿੰਡੀ ਵਿਖੇ ਕੀਤੀ ਗਈ ਤਕਰੀਰ ਨੂੰ ਆਧਾਰ ਬਣਾ ਕੇ ਉਸ ਨੂੰ ਅੰਗ੍ਰੇਜ਼ ਸਰਕਾਰ ਦੁਆਰਾ ਬੇ-ਹੱਦ ਬਾਗੀ ਜਾਂ ਦੇਸ਼-ਧ੍ਰੋਹੀ ਕਰਾਰ ਕਰਾਰ ਦੇ ਦਿੱਤਾ। ਉਸ 'ਤੇ ਦਫ਼ਾ 124-ਏ ਲਾ ਕੇ ਕੇਸ ਦਰਜ ਕੀਤਾ ਗਿਆ ।ਇਸ ਲਹਿਰ ਦਾ ਏਨਾ ਅਸਰ ਹੋਇਆ ਕਿਮਈ ਵਿਚ ਹੀ ਸਰਕਾਰ ਨੂੰ ਤਿੰਨੇ ਕਾਨੂੰਨ ਵਾਪਸ ਲੈਣੇ ਪਏ। ਪਰ ਇਸ ਦੇ ਬਾਵਜੂਦ ਵੀ 9 ਮਈ ਨੂੰ ਲਾਲਾ ਲਾਜਪਤ ਰਾਇ ਨੂੰ ਅਤੇ 2 ਜੂਨ ਨੂੰ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਰੈਗੂਲੇਸ਼ਨ 1818 ਤਹਿਤ ਛੇ ਮਹੀਨੇ ਲਈ ਬਰ੍ਹਮਾਂ ਦੀ ਮਾਂਡਲੇ ਜੇਲ੍ਹ ਵਿਚ ਭੇਜ ਦਿੱਤਾ ਜਿੱਥੋਂ ਦੋਵਾਂ ਨੂੰ 11 ਨਵੰਬਰ, 1907 ਨੂੰ ਰਿਹਾ ਕੀਤਾ ਗਿਆ। ਅੱਗੇ ਜਾ ਕੇ ਇਸ ਲਹਿਰ ਦਾ ਅਸਰ ਉਸ ਵੇਲ਼ੇ ਵੀ ਦੇਖਣ ਨੂੰ ਮਿਲਿਆ ਜਦੋਂ 1919 ਦੇ ਰੋਲਟ ਐਕਟ ਵਰਗੇ ਕਾਲ਼ੇ ਕਾਨੂੰਨ ਨੂੰ ਵੀ ਜੱਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਮਗਰੋਂ ਤਿੰਨ ਮਹੀਨਿਆਂ ਬਾਅਦ ਹੀ ਸਰਕਾਰ ਨੇਵਾਪਸ ਲੈ ਲਿਆ।ਇਸ ਲਹਿਰ ਦਾ ਆਜ਼ਾਦੀ ਦੀ ਲਹਿਰ ਤੇ ਗੂੜ੍ਹਾ ਅਸਰ ਪਿਆ। ਇਸ ਤੋਂ ਹੌਸਲਾ ਅਤੇ ਪ੍ਰੇਰਨਾ ਲੈ ਕੇ ਅਜੀਤ ਸਿੰਘ ਨੇ ਆਪਣੇ ਭਰਾਵਾਂ - ਕਿਸ਼ਨ ਸਿੰਘ (ਭਗਤ ਸਿੰਘ ਦੇ ਪਿਤਾ ਜੀ) ਅਤੇ ਸਵਰਨ ਸਿੰਘ ਨਾਲ਼ ਮਿਲ ਕੇ ਭਾਰਤ ਮਾਤਾ ਸੋਸਾਇਟੀ ਦਾ ਮੁੱਢ ਬੰਨ੍ਹਿਆਂ ਅਤੇ ਭਾਰਤ ਮਾਤਾ ਨਾਂ ਦਾ ਇਕ ਰਸਾਲਾ ਚਾਲੂ ਕੀਤਾ। ਇਹ ਰਿਸਾਲਾ ਖ਼ੁਫ਼ੀਆ ਤੌਰ ਤੇ ਲੋਕਾਂ ਵਿਚ ਵੰਡਿਆ ਜਾਂਦਾ ਸੀ। ਸੰਨ 1909 ਵਿਚ ਅਜੀਤ ਸਿੰਘ ਤੇ ਸੂਫ਼ੀ ਅੰਬਾ ਪ੍ਰਸਾਦ ਅੰਗ੍ਰੇਜ਼ੀ ਸਰਕਾਰ ਦੁਆਰਾ ਗ੍ਰਿਫਤਾਰੀ ਤੋਂ ਬਚਣ ਲਈ ਖ਼ੁਫ਼ੀਆ ਢੰਗ ਨਾਲ਼ ਇਰਾਨ ਚਲੇ ਗਏ। ਬਾਹਰਲੇ ਮੁਲਕਾਂ ਵਿਚ ਆਜ਼ਾਦੀ ਲਈ ਮਾਹੌਲ ਬਨਾਉਣ ਵਿਚ ਜੁਟੇ ਰਹੇ। ਕੋਈ 38 ਸਾਲ ਵਿਦੇਸ਼ਾਂ ਵਿਚ ਰਹਿ ਕੇ ਗਤੀਵਿਧੀਆਂ ਚਾਲੂ ਰੱਖੀਆਂ। ਰੋਮ, ਪੈਰਿਸ, ਜੈਨੇਵਾ ਅਤੇ ਹੋਰ ਯੂਰਪੀ ਸ਼ਹਿਰਾਂ ਵਿਚ ਗਏ। ਸੰਨ 1918 ਵਚ ਸਾਨਫਰਾਂਸਿਸਕੋ ਵਿਖੇ ਗ਼ਦਰ ਪਾਰਟੀ ਦੇ ਸਾਥੀਆਂ ਨੂੰ ਮਿਲੇ। ਭਾਰਤ ਦੀ ਆਜ਼ਾਦੀ ਲਈ ਵਿਉਂਤਾਂ ਬਨਾਉਣ ਦੇ ਜਤਨਾਂ ਵਿਚ ਰੁੱਝੇ ਰਹੇ।ਅਜੀਤ ਸਿੰਘ ਨੇ ਨੇਪਲਜ਼ ਯੂਨੀਵਰਸਿਟੀ ਵਿਚ ਪਰਸ਼ੀਅਨ ਪੜ੍ਹਾਈ। ਦੂਜੀ ਸੰਸਾਰ ਜੰਗ ਸਮੇਂ ਹਿੰਦੁਸਤਾਨੀ ਫੌਜੀਆਂ ਨੂੰ ਆਜ਼ਾਦੀ ਲਈ ਪ੍ਰੇਰਨਾਦਾਇਕ ਭਾਸ਼ਣ ਦਿੱਤੇ। ਅਜੀਤ ਸਿੰਘ ਦੀ ਪਤਨੀ ਹਰਨਾਮ ਕੌਰ 38 ਸਾਲ ਉਡੀਕਦੀ ਰਹੀ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਭਾਰਤ ਨੂੰ ਆਜ਼ਾਦ ਕੀਤੇ ਜਾਣ ਦੇ ਐਲਾਨ ਮਗਰੋਂ 7 ਮਾਰਚ, 1947 ਨੂੰ ਭਾਰਤ ਵਾਪਸ ਆ ਗਿਆ ਅਤੇ ਡਲਹੌਜ਼ੀ ਵਿਖੇ ਰਹਿਣ ਲੱਗਿਆ। ਸਿਹਤ ਖ਼ਰਾਬ ਹੁੰਦੀ ਗਈ। ਪੰਦਰਾਂ ਅਗਸਤ ਨੂੰ ਜਦੋਂ ਮੁਲਕ ਭਰ ਵਿਚ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਤਾਂ ਜੰਗੇ-ਆਜ਼ਾਦੀ ਦਾ ਇਹ ਪਰਵਾਨਾ ਆਪਣਾ ਸਫਰ ਪੂਰਾ ਕਰ ਕੇ ਡਲਹੌਜ਼ੀ ਵਿਖੇ ਸਦਾ ਲਈ ਅਲਵਿਦਾ ਕਹਿ ਗਿਆ।

ਇਸ ਲਹਿਰ ਨੇ ਆਉਣ ਵਾਲ਼ੇ ਸਮੇਂ ਵਿਚ ਕਿਸਾਨਾਂ ਨੂੰ ਜਥੇਬੰਦ ਹੋਣ ਅਤੇ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਲਾਮਬੰਦ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਨਾ ਅਤੇ ਹੌਸਲਾ ਦੇਣ ਵਿਚ ਯੋਗਦਾਨ ਪਾਇਆ। ਮਿਸਾਲ ਵਜੋਂ 1917 ਵਿਚ ਮਹਾਤਮਾ ਗਾਂਧੀ ਵੱਲੋਂ ਸ਼ੁਰੂ ਕੀਤੀ ਚੰਪਾਰਨ ਕਿਸਾਨ ਲਹਿਰ, 1918 ਵਿਚ ਗੁਜਰਾਤ ਦੀ ਖੇੜ ਕਿਸਾਨ ਲਹਿਰ, 1925 ਦੀ ਸਰਦਾਰ ਪਟੇਲ ਦੀ ਅਗਵਾਈ ਵਾਲ਼ੀ ਬਾਰਦੋਲੀ ਕਿਸਾਨ ਲਹਿਰ, ਬਾਬਾ ਰਾਮ ਚੰਦ ਦੀ ਅਗਵਾਈ ਵਾਲ਼ੀ ਪੂਰਬੀ ਯੂ. ਪੀ. ਵਿਚਲੀ 1920 ਦੀ ਅਵਧ ਕਿਸਾਨ ਲਹਿਰ। ਏਥੇ ਹੀ ਬੱਸ ਨਹੀਂ, ਸਮੇਂ-ਸਮੇਂ ਤੇ ਅਜਿਹੇ ਸੰਘਰਸ਼ਾਂ ਦੀਆਂ ਲਹਿਰਾਂ ਚਲਦੀਆਂ ਰਹੀਆਂ ਜਿਵੇਂ 1920 ਦੀ ਮਦਾਰੀ ਪਾਸੀ ਦੀ ਅਗਵਾਈ ਵਾਲ਼ੀ ਏਕਾ ਕਿਸਨ ਲਹਿਰ, ਬੰਗਾਲ ਦੀ ਤੇਭਾਗਾ ਲਹਿਰ, 1936 ਤੋਂ 1951 ਤੱਕ ਚੱਲੀ ਤਿਲੰਗਾਨਾ ਹਥਿਆਰਬੰਦ ਕਿਸਾਨ ਬਗ਼ਾਵਤ, 1948 ਦੀ ਲਾਲ ਪਾਰਟੀ ਦੀ ਅਗਵਾਈ ਵਾਲ਼ੀ ਮੁਜ਼ਾਰਾ ਲਹਿਰ ਜਿਸ ਦੇ ਆਗੂ ਤੇਜਾ ਸਿੰਘ ਸੁਤੰਤਰ, ਧਰਮ ਸਿੰਘ ਫੱਕਰ ਅਤੇ ਜੰਗੀਰ ਸਿੰਘ ਜੋਗਾ ਵਰਗੇ ਕਾਮਰੇਡ ਸਨ।

ਫਿਰ 2019-20 ਵਿਚ ਹੋਰ ਤਿੰਨ ਕਾਲ਼ੇ ਖੇਤੀ ਕਾਨੂੰਨਾਂ ਖਿਲਾਫ਼ ਸਾਲ ਭਰ ਲੜੀ ਗਈ ਪੂਰੀ ਤਰ੍ਹਾਂ ਸਫਲ ਲਹਿਰ ਨੇ ਤਾਂ ਕਿਸਾਨੀ ਲਹਿਰਾਂ ਵਿਚ ਮਿਸਾਲੀ ਅਤੇ ਸ਼ਾਨਦਾਰ ਜਿੱਤ ਦਾ ਇਤਿਹਾਸ ਸਿਰਜ ਦਿੱਤਾ ਜਿਸ ਨੇ ਦੁਨੀਆਂ ਭਰ ਦੇ ਕਿਸਾਨਾਂ ਅੰਦਰ ਨਵੀਂ ਜਾਗ੍ਰਿਤੀ ਲਿਆਂਦੀ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220


















# ਭਾਰਤ ਦਾ ਮਿੰਨੀ ਸਵਿਟਜਰਲੈਂਡ ਖਜਿਆਰ

**ਮਨਜੀਤ ਮਾਨ**
**ਪਿੰਡ ਸਾਹਨੇਵਾਲੀ ਮਾਨਸਾ**



ਕੁਦਰਤ ਨਾਲ ਮਨੁੱਖ ਦੀ ਸਾਂਝ ਸਦੀਆਂ ਤੋਂ ਚੱਲੀ ਆ ਰਹੀ ਹੈ ਤੇ ਇਸ ਸਾਂਝ ਸਦਕਾ ਹੀ ਮਨੁੱਖ ਕੁਦਰਤ ਦੇ ਸੁਹੱਪਣ ਤੇ ਦਿਲਕਸ ਨਜਾਰਿਆਂ ਨੂੰ ਮਾਣਦਾ ਆ ਰਿਹਾ ਹੈ। ਜੇਕਰ ਕੁਦਰਤ ਦੇ ਪੱਖ ਤੋਂ ਭਾਰਤ ਦੇ ਭੂਗੋਲ ਨੂੰ ਵੇਖਿਆ ਜਾਵੇ ਤਾਂ ਇੱਥੇ ਭਿੰਨ ਭਿੰਨ ਪ੍ਰਕਾਰ ਦੀ ਬਨਸਪਤੀ ਨਾਲ ਵੱਖ ਵੱਖ ਤਰ੍ਹਾਂ ਦੀ ਜਲਵਾਯੂ ਵੇਖਣ ਨੂੰ ਮਿਲਦੀ ਹੈ।ਇੱਥੇ ਇੱਕ ਪਾਸੇ ਗਰਮ ਥਾਰ ਮਾਰੂਥਲ ਹੈ ਤਾਂ ਦੂਜੇ ਪਾਸੇ ਬਰਫ ਨਾਲ ਲੱਦੇ ਅਸਮਾਨ ਛੂੰਹਦੇ ਪਹਾੜਾਂ ਵਾਲੀ ਧਰਤੀ ਹਿਮਾਚਲ ਪ੍ਰਦੇਸ ਹੈ।ਇਸ ਸਾਲ ਜੂਨ ਦੀਆਂ ਛੁੱਟੀਆਂ ਵਿੱਚ ਮੈਨੂੰ ਹਿਮਾਚਲ ਪ੍ਰਦੇਸ ਦੀਆਂ ਕਈ ਖੂਬਸੂਰਤ ਤੇ ਮਨਮੋਹਕ ਥਾਵਾਂ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਜਿਨ੍ਹਾਂ ਵਿੱਚ ਡਲਹੌਜੀ,ਖਜਿਆਰ ਪ੍ਰਮੁੱਖ ਹਨ। ਹਿਮਾਚਲ ਪ੍ਰਦੇਸ ਵਿੱਚ ਜੂਨ ਮਹੀਨੇ ਦੂਜੇ ਮਹੀਨਿਆਂ ਦੇ ਮੁਕਾਬਲੇ ਹਰ ਹਿੱਲ ਸਟੇਸਨ ਤੇ ਜ਼ਿਆਦਾ ਸੈਲਾਨੀ ਆਉਂਦੇ ਹਨ ਤੇ ਸ਼ਿਮਲਾ, ਮਨਾਲੀ ਵਰਗੇ ਹਿੱਲ ਸਟੇਸਨਾਂ ਤੇ ਤਾਂ ਸੈਲਾਨੀਆਂ ਦੀਆਂ ਭਾਰੀ ਭੀੜ ਜੁੜਦੀ ਹੈ। ਇਸ ਸਾਲ ਕਰੋਨਾ ਕਾਲ ਤੋਂ ਬਾਅਦ ਇਹ ਥਾਵਾਂ ਪਹਿਲੀ ਵਾਰ ਖੁੱਲ੍ਹਣ ਕਰਕੇ ਵੀ ਹਰ ਜਗ੍ਹਾ ਪਿਛਲੇ ਸਾਲਾਂ ਨਾਲੋਂ ਸੈਲਾਨੀ ਵੱਧ ਗਿਣਤੀ ਵਿੱਚ ਆ ਰਹੇ ਸਨ।ਇਸ ਕਰਕੇ ਹੀ ਅਸੀ ਭੀੜ ਭਾੜ ਤੋਂ ਦੂਰ ਡਲਹੌਜੀ ਖਜਿਆਰ ਆਦਿ ਹਿੱਲ ਸਟੇਸਨ ਵੇਖਣ ਦਾ ਪ੍ਰੋਗਰਾਮ ਬਣਾਇਆ। ਇਹਨਾਂ ਖੂਬਸੂਰਤ ਥਾਵਾਂ ਨੂੰ ਵੇਖਣ ਲਈ ਚੰਡੀਗੜ੍ਹ, ਸ਼ਿਮਲਾ ਹੋ ਕੇ ਵੀ ਪਹੁੰਚਿਆ ਜਾ ਸਕਦਾ ਹੈ ਪਰ ਪੰਜਾਬ ਤੋਂ ਡਲਹੌਜੀ ਖਜਿਆਰ ਜਾਣ ਦਾ ਸਿੱਧਾ ਰਸਤਾ ਵਾਇਆ ਪਠਾਨਕੋਟ ਹੋ ਕੇ ਹੈ। ਪਠਾਨਕੋਟ ਤੋਂ ਡਲਹੌਜੀ ਦੀ ਦੂਰੀ 82 ਕਿਲੋਮੀਟਰ ਦੇ ਲਗਭਗ ਹੈ ਜੇਕਰ ਤੁਸੀਂ ਬੱਸ ਰਾਹੀਂ ਜਾਣਾ ਚਾਹੁੰਦੇ ਹੋ ਤਾਂ ਪਠਾਨਕੋਟ ਤੋਂ ਡਲਹੌਜੀ ਨੂੰ ਪੰਜਾਬ ਰੋਡਵੇਜ ਤੇ ਹਿਮਾਚਲ ਪ੍ਰਦੇਸ ਸਰਕਾਰ ਦੀਆਂ ਬੱਸਾਂ ਆਮ ਚੱਲਦੀਆਂ ਹਨ।ਡਲਹੌਜੀ ਵਿੱਚ ਰਹਿਣ ਲਈ ਬਹੁਤ ਸਾਰੇ ਹੋਟਲ ਹਨ ਤੇ ਇਹਨਾਂ ਵਿੱਚੋਂ ਤੁਸੀਂ ਆਪਣੇ ਬਜਟ ਅਨੁਸਾਰ ਚੁਣ ਸਕਦੇ ਹੋ।ਡਲਹੌਜੀ ਕੁਦਰਤ ਦੀ ਗੋਦ ਵਿੱਚ ਵਸਿਆ ਛੋਟਾ ਜਿਹਾ ਸਹਿਰ ਹੈ ਤੇ ਅੰਗਰੇਜ ਅਫਸਰਾਂ ਦੇ ਗਰਮੀ ਦੀਆਂ ਛੁੱਟੀਆਂ ਬਿਤਾਉਣ ਦੀ ਮਨਪਸੰਦ ਥਾਂ ਰਹੀ ਹੈ। ਅੰਗਰੇਜੀ ਰਾਜ ਸਮੇਂ ਇੱਥੇ ਅੰਗਰੇਜੀ ਫੌਜ ਦੇ ਵੱਡੇ ਵੱਡੇ ਅਫਸਰ ਆ ਕੇ ਠਹਿਰਦੇ ਸਨ।

ਡਲਹੌਜੀ ਸਹਿਰ ਨੂੰ ਲਾਰਡ ਡਲਹੌਜੀ ਨੇ 1848 ਵਿੱਚ ਵਸਾਇਆ ਸੀ ਤੇ ਇਸਦੀ ਸਮੁੰਦਰੀ ਤਟ ਤੋਂ ਉਚਾਈ 1970 ਮੀਟਰ ਹੈ। ਅਸੀਂ ਇੱਕ ਦਿਨ ਡਲਹੌਜੀ ਰਹਿ ਕੇ ਇੱਥੋਂ ਦੇ ਬਾਜਾਰ ਤੇ ਹੋਰ ਵੇਖਣਯੋਗ ਥਾਵਾਂ ਵੇਖੀਆਂ।ਪਰ ਸਾਡੇ ਅੰਦਰ ਖਜਿਆਰ ਝੀਲ ਨੂੰ ਵੇਖਣ ਦੀ ਉਤਸੁਕਤਾ ਜ਼ਿਆਦਾ ਸੀ ਇਸ ਲਈ ਅਸੀਂ ਅਗਲੀ ਸਵੇਰ ਖਜਿਆਰ ਵੱਲ ਨੂੰ ਚੱਲ ਪਏ। ਡਲਹੌਜੀ ਤੋਂ ਖਜਿਆਰ ਦੀ ਦੂਰੀ 23 ਕਿਲੋਮੀਟਰ ਦੇ ਲਗਭਗ ਹੈ ਤੇ ਹਵਾਈ ਸਫਰ 10 ਕੁ ਕਿਲੋਮੀਟਰ ਦਾ ਹੈ।ਪਰ ਜੇਕਰ ਤੁਸੀਂ ਨੇੜੇ ਤੋਂ ਕੁਦਰਤ ਦਾ ਆਨੰਦ ਮਾਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਸੜਕੀ ਮਾਰਗ ਰਾਹੀਂ ਖਜਿਆਰ ਜਾਣਾ ਚਾਹੀਦਾ ਹੈ। ਡਲਹੌਜੀ ਤੋਂ ਖਜਿਆਰ ਨੂੰ ਦੇਵਦਾਰ ਤੇ ਓਕ ਦੇ ਰੁੱਖਾਂ ਵਿਚਦੀ ਵਲੇਵੇਂ ਖਾਂਦੀ ਕਾਲੀ ਸੜਕ ਤੁਹਾਨੂੰ ਕੁਦਰਤ ਦੀ ਅਸੀਮ ਖੂਬਸੂਰਤੀ ਦੇ ਦਰਸਨ ਕਰਵਾਉਂਦੀ ਹੈ। ਇਸ ਰਸਤੇ ਵਿਚਕਾਰ ਹੀ ਕਾਲਾਟੋਪ ਸੈਂਕਚੁਅਰੀ ਪੈਂਦੀ ਹੈ ਜਿੱਥੇ ਕਾਲੀ ਲੱਕੜ ਵਾਲਾ ਸੰਘਣਾ ਜੰਗਲ ਹੈ। ਇੱਥੇ ਕੁਦਰਤ ਦੀ ਅਦਭੁੱਤ ਬਨਸਪਤੀ ਵੇਖਣ ਨੂੰ ਮਿਲਦੀ ਹੈ।ਇਸ ਰਸਤੇ ਵਿੱਚ ਕਈ ਥਾਈਂ ਸੈਲਫੀ ਪੁਆਇੰਟ ਬਣੇ ਹੋਏ ਹਨ ਜਿੱਥੇ ਖੜ੍ਹ ਕੇ ਤੁਸੀਂ ਕੁਦਰਤ ਦੇ ਦਿਲਕਸ ਨਜਾਰਿਆਂ ਨੂੰ ਕੈਮਰੇ ਵਿੱਚ ਕੈਦ ਕਰ ਸਕਦੇ ਹੋ।ਖਜਿਆਰ ਪਹੁੰਚ ਕੇ ਮਹਿਸੂਸ ਹੁੰਦਾ ਹੈ ਕਿ ਜਿਵੇਂ ਤੁਸੀਂ ਧਰਤੀ ਉੱਪਰਲੇ ਸਵਰਗ ਵਿੱਚ ਪਹੁੰਚ ਗਏ ਹੋ। ਦੂਰ ਦੂਰ ਤੱਕ ਫੈਲੇ ਹਰੇ ਘਾਹ ਦੇ ਮੈਦਾਨ ਤੇ ਸਾਂਤ ਮਾਹੌਲ ਵਿੱਚ ਜਾ ਕੇ ਮਨ ਨੂੰ ਵੱਖਰਾ ਸਕੂਨ ਮਿਲਦਾ ਹੈ। ਦੇਵਦਾਰ ਦੇ ਉੱਚੇ ਲੰਮੇ ਦਰੱਖਤਾਂ ਵਿਚਕਾਰ ਘਿਰੇ ਕਟੋਰੇ ਵਰਗੇ ਮੈਦਾਨ ਵਿੱਚ ਇਹ ਝੀਲ ਹੈ। ਇਹ ਝੀਲ ਚਾਰ ਮੀਟਰ ਦੇ ਲਗਭਗ ਡੂੰਘੀ ਹੈ ਤੇ ਇਹ ਧੌਲਾਧਰ ਪਰਬਤ ਦੇ ਪੱਛਮੀ ਲੜੀ ਦਾ ਇੱਕ ਪਠਾਰ ਖੇਤਰ ਹੈ। ਖਜਿਆਰ ਚੰਬਾ ਜ਼ਿ?ਲ੍ਹੇ ਵਿੱਚ ਸਥਿਤ ਹੈ ਤੇ ਇਸ ਦੀ ਸਮੁੰਦਰ ਤਲ ਤੋਂ ਉਚਾਈ ਲਗਭਗ 1.920 ਮੀਟਰ (6400 ਫੁੱਟ) ਹੈ।ਖਜਿਆਰ ਵਿਖੇ ਇੱਕ ਪ੍ਰਸਿੱਧ ਖੱਜੀ ਨਾਗਾ ਮੰਦਰ ਵੀ ਹੈ ਜੋ ਨਾਗ ਦੇਵਤਾ ਨੂੰ ਸਮਰਪਿਤ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਖਜਿਆਰ ਦਾ ਨਾਂ ਖੱਜੀ ਨਾਗਾ ਮੰਦਰ ਕਰਕੇ ਹੀ ਪਿਆ ਹੈ।ਇਹ ਪ੍ਰਾਚੀਨ ਮੰਦਰ 10ਵੀਂ ,11ਵੀਂ ਸਦੀ ਦਾ ਦੱਸਿਆ ਜਾਂਦਾ ਹੈ ਤੇ ਇਸ ਨੂੰ ਰਾਜਾ ਪ੍ਰਿਥਵੀ ਸਿੰਘ ਨੇ ਬਣਵਾਇਆ ਸੀ। ਇਸ ਮੰਦਰ ਪ੍ਰਤੀ ਸਥਾਨਕ ਲੋਕਾਂ ਦੀ ਬਹੁਤ ਆਸਥਾ ਹੈ। ਇੱਥੋਂ ਦੇ ਖੁਸਗਵਾਰ ਮਾਹੌਲ ਵਿੱਚ ਸੈਲਾਨੀ ਘੋੜਸਵਾਰੀ, ਪੈਰਾਗਲਾਈਡਿੰਗ, ਜੋਰਬਿੰਗ ( ਘੁੰਮਦਾ ਬੰਦ ਗੁਬਾਰਾ) ਆਦਿ ਖੇਡਾਂ ਦਾ ਆਨੰਦ ਮਾਣਦੇ ਹਨ।ਖਜਿਆਰ ਝੀਲ ਦੇ ਨੇੜੇ ਹੀ ਇੱਕ ਸ਼ਿਵ ਮੰਦਰ ਵੀ ਹੈ ਜਿਸ ਵਿੱਚ ਭਗਵਾਨ ਸ਼ਿਵਜੀ ਦੀ 85 ਫੁੱਟ ਉੱਚੀ ਮੂਰਤੀ ਸਥਾਪਿਤ ਹੈ। ਇੱਥੇ ਵੀ ਹਰ ਰੋਜ ਬਹੁਤ ਸਾਰੇ ਲੋਕ ਨਤਮਸਤਕ ਹੁੰਦੇ ਹਨ। ਪਹਾੜੀ ਖੇਤਰ ਦੇ ਲੋਕਾਂ ਦੀ ਆਮਦਨ ਦਾ ਮੁੱਖ ਜਰੀਆ ਇੱਥੇ ਘੁੰਮਣ ਆਏ ਸੈਲਾਨੀ ਹੀ ਹੁੰਦੇ ਹਨ। ਇਸ ਕਰਕੇ ਇਹਨਾਂ ਮਹੀਨਿਆਂ ਵਿੱਚ ਤੁਹਾਨੂੰ ਕੋਈ ਵੀ ਆਦਮੀ ਔਰਤ ਵਿਹਲਾ ਨਹੀਂ ਦਿਖਾਈ ਦੇਵੇਗਾ। ਇੱਥੋਂ ਦਾ ਹਰ ਇਨਸਾਨ ਕੋਈ ਨਾ ਕੋਈ ਨਿੱਕਾ ਮੋਟਾ ਕੰਮ ਕਰਕੇ ਆਪਣਾ ਰੁਜਗਾਰ ਚਲਾ ਰਿਹਾ ਹੁੰਦਾ ਹੈ। ਇੱਥੇ ਸੈਲਾਨੀ ਸਥਾਨਕ ਪਹਿਰਾਵੇ ਦੇ ਨਾਲ ਖਰਗੋਸ, ਕਬੂਤਰ ਆਦਿ ਨਾਲ ਫੋਟੋ ਵੀ ਕਰਵਾਉਂਦੇ ਹਨ।ਜਿਸ ਕਰਕੇ ਬਹੁਤ ਸਾਰੇ ਲੋਕ ਖਰਗੋਸ, ਕਬੂਤਰਾਂ ਦੇ ਜਰੀਏ ਆਪਣੀ ਰੋਜੀ ਰੋਟੀ ਕਮਾ ਰਹੇ ਹਨ। ਜਦੋਂ ਸਥਾਨਿਕ ਹੋਟਲਾਂ ਵਿੱਚ ਭੀੜ ਬਹੁਤ ਜ਼ਿਆਦਾ ਹੋ ਜਾਂਦੀ ਹੈ ਤਾਂ ਬਹੁਤ ਸਾਰੇ ਲੋਕ ਸੈਲਾਨੀਆਂ ਨੂੰ ਆਪਣੇ ਘਰ ਕਮਰੇ ਕਿਰਾਏ ਤੇ ਦੇ ਦਿੰਦੇ ਹਨ। ਖਜਿਆਰ ਨੂੰ ਭਾਰਤ ਦਾ ਮਿੰਨੀ ਸਵਿਟਜਰਲੈਂਡ ਇਸ ਕਰਕੇ ਕਿਹਾ ਜਾਂਦਾ ਹੈ ਕਿ ਜੁਲਾਈ,1972 ਨੂੰ ਭਾਰਤ ਵਿੱਚ ਸਵਿਟਜਰਲੈਂਡ ਦੇ ਰਾਜਦੂਤ ਵਿਲੀ ਪੀ.ਬਲੇਜਰ ਨੇ ਆਪਣੇ ਦੇਸ ਦੇ ਵਾਈਸ ਕੌਂਸਲਰ ਤੇ ਹੈੱਡ ਆਫ ਚੈਂਸਰੀ ਨੂੰ ਘੁੰਮਣ ਲਈ ਸੱਦਿਆ ਸੀ। ਉਨ੍ਹਾਂ ਇਸ ਥਾਂ ਦੀ ਕੁਦਰਤੀ ਖੂਬਸੂਰਤੀ ਨੂੰ ਵੇਖ ਕੇ ਇਸ ਨੂੰ ਮਿੰਨੀ ਸਵਿਟਜਰਲੈਂਡ ਦਾ ਨਾਂ ਦਿੱਤਾ ਸੀ ਕਿਉਂਕਿ ਇੱਥੋਂ ਦੇ ਖੂਬਸੂਰਤ ਦ੍ਰਿਸ ਸਵਿਟਜਰਲੈਂਡ ਨਾਲ ਮੇਲ ਖਾਂਦੇ ਹਨ। ਅਸੀਂ ਸਵੇਰੇ ਤੋਂ ਸਾਮ ਤੱਕ ਖਜਿਆਰ ਦੇ ਖੂਬਸੂਰਤ ਤੇ ਮਨਮੋਹਕ ਦ੍ਰਿਸ ਨੂੰ ਮਾਣਦਿਆਂ ਬਿਤਾਇਆ। ਫਿਰ ਸਾਮ ਨੂੰ ਅਸੀਂ ਆਪਣੇ ਹੋਟਲ ਵਿੱਚ ਪਰਤ ਆਏ ਤੇ ਅਗਲੇ ਦਿਨ ਅਸੀਂ ਆਪਣੇ ਅਗਲੇ ਸਫਰ ਵੱਲ ਨੂੰ ਚੱਲ ਪਏ ਸੀ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਕਵਿਤਾ ਤੋਂ ਕਿਤਾਬ ਤੱਕ

**ਨੂਰਦੀਪ ਕੋਮਲ, ਸੰਗਰੂਰ**

ਹਮਸਫਰ ਦਾ ਜੀਵਨ ਵਿੱਚ ਬਹੁਤ ਮਹੱਤਵਪੂਰਨ ਰੋਲ ਹੁੰਦਾ ਹੈ।ਚੰਗਾ ਹਮਸਫਰ ਜਿ਼ੰਦਗੀ ਵਿੱਚ ਕਿਸੇ ਦੁਆ ਵਰਗਾ ਤੇ ਮਾੜਾ ਹਮਸਫਰ ਜਿ਼ੰਦਗੀ ਵਿੱਚ ਕਿਸੇ ਸਰਾਪ ਵਰਗਾ ਸਾਬਿਤ ਹੁੰਦਾ ਹੈ।ਵਿਆਹ ਮਗਰੋਂ ਔਰਤ ਦਾ ਜੀਵਨ ਲਗਭਗ ਉਸਦੇ ਹਮਸਫਰ ਉੱਤੇ ਨਿਰਭਰ ਕਰਦਾ ਹੈ। ਅਸੀਂ ਜਿਸ ਮਾਹੌਲ ਵਿੱਚ ਰਹਿੰਦੇ ਹਾਂ ਅਸੀਂ ਉਸ ਤੋਂ ਬਹੁਤ ਪ੍ਰਭਾਵਿਤ ਹੋਏ ਹੁੰਦੇ ਹਾਂ। ਮੇਰੇ ਆਲੇ ਦੁਆਲੇ ਨੇ ਮੈਨੂੰ ਏਨਾ ਪ੍ਰਭਾਵਿਤ ਕੀਤਾ ਸੀ ਕਿ ਵਿਆਹ ਨੂੰ ਲੈ ਕੇ ਮੈਂ ਮਨ ਵਿੱਚ ਇਹ ਧਾਰਨਾ ਬਣਾਈ ਹੋਈ ਸੀ ਕਿ ਵਿਆਹ ਮਗਰੋਂ ਜਿ਼ੰਦਗੀ ਰੁਕ ਜਾਂਦੀ ਹੈ ਪਰ ਮੇਰੇ ਵਿਆਹ ਮਗਰੋਂ ਮੇਰੀ ਇਹ ਧਾਰਨਾ ਗਲਤ ਸਾਬਿਤ ਹੋਈ। ਮੇਰੀ ਅਸਲੀ ਜਿ਼ੰਦਗੀ ਦੀ ਸੁਰੂਆਤ ਮੇਰੇ ਵਿਆਹ ਮਗਰੋਂ ਹੀ ਹੋਈ। ਵਿਆਹ ਮਗਰੋਂ ਮੇਰੇ ਨਾਲ ਜੋ ਵੀ ਵਾਪਰਿਆ ਉਹ ਮੇਰੀ ਸੋਚ ਦੇ ਬਿਲਕੁਲ ਉਲਟ ਸੀ। ਮੇਰਾ ਵਿਆਹ ਇਕ ਲੇਖਕ ਹਮਸਫਰ ਨਾਲ ਹੋਇਆ। ਜਦੋਂ ਮੈਂ ਵਿਆਹ ਕੇ ਆਈ ਤਾਂ ਵੇਖਿਆ ਕਿ ਮੇਰੇ ਪਤੀ ਨੇ ਆਪਣੇ ਘਰ ਵਿੱਚ ਟੇਬਲ ਉੱਤੇ ਹੀ ਇੱਕ ਛੋਟੀ ਜਿਹੀ ਲਾਇਬ੍ਰੇਰੀ ਬਣਾਈ ਹੋਈ ਸੀ। ਜਿੱਥੇ ਕੁਝ ਕਹਾਣੀਕਾਰਾਂ ਤੇ ਲੇਖਕਾਂ ਦੇ ਨਾਵਲ ਮੌਜੂਦ ਸਨ। ਉਹ ਸਾਮ ਨੂੰ ਘਰ ਆਕੇ ਦੇਰ ਰਾਤ ਤੱਕ ਉਸ ਟੇਬਲ ਨਾਲ ਕੁਰਸੀ ਜੋੜ ਕੇ ਪੜ੍ਹਦੇ ਰਹਿੰਦੇ। ਇਸ ਮਾਹੌਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਜਦੋਂ ਦਿਨ ਭਰ ਦਾ ਕੰਮ ਨਿਬੇੜ ਕੇ ਵਿਹਲੀ ਹੋ ਕੇ ਬਹਿੰਦੀ ਤਾਂ ਮੈਨੂੰ ਏਦਾਂ ਲਗਦਾ ਕਿ ਮੇਰੇ ਪਤੀ ਦਾ ਉਹ ਕਿਤਾਬਾਂ ਵਾਲਾ ਟੇਬਲ ਮੈਨੂੰ ਅਵਾਜ ਮਾਰਦਾ ਹੋਵੇ। ਇਕ ਦਿਨ ਮੈਂ ਆਪਣੇ ਪਤੀ ਨੂੰ ਪੁੱਛ ਹੀ ਲਿਆ। ਕੀ ਤੁਸੀਂ ਦੇਰ ਰਾਤ ਤੱਕ ਕਿਤਾਬਾਂ ਪੜ੍ਹ ਕੇ ਅੱਕਦੇ ਨਹੀਂ ? ਇਹ ਸੁਨਣ ਮਗਰੋਂ ਉਹ ਮੁਸਕੁਰਾਏ ਤੇ ਬੋਲੇ ਕੇ ਤੂੰ ਇੱਕ ਹਫਤਾ ਇਹ ਕਿਤਾਬਾਂ ਪੜ੍ਹ ਤੈਨੂੰ ਇਸ ਸਵਾਲ ਦਾ ਜਵਾਬ ਮੇਰੇ ਕੋਲੋਂ ਮੰਗਣ ਦੀ ਲੋੜ ਨਹੀਂ ਪਵੇਗੀ। ਮੈਂ ਉਹਨਾਂ ਦੇ ਕਹਿਣ ਮੁਤਾਬਿਕ ਕਿਤਾਬਾਂ ਪੜ੍ਹਨੀਆਂ ਸੁਰੂ ਕਰ ਦਿੱਤੀਆਂ। ਮੈਨੂੰ ਕਿਤਾਬਾਂ ਵਿੱਚ ਇਹਨਾਂ ਰਸ ਹਾਸਿਲ ਹੋਣ ਲੱਗਿਆਂ ਕਿ ਮੈਂ ਸਫਰ ਦੌਰਾਨ ਆਪਣੇ ਪਰਸ ਵਿੱਚ ਪੜ੍ਹਨ ਲਈ ਕਿਤਾਬਾਂ ਜਰੂਰ ਰੱਖਦੀ। ਮੇਰੀ ਤੰਗ ਸੋਚ ਮੇਰਾ ਨਜਰੀਆ ਹੁਣ ਲਗਭਗ ਬਦਲ ਚੁੱਕਾ ਸੀ। ਮੈਂ ਆਪਣੇ ਵਿਚ ਬਦਲਾਵ ਵਾਪਰਦਾ ਆਪਣੇ ਅੱਖੀਂ ਵੇਖ ਰਹੀ ਸੀ। ਮੇਰੇ ਪਤੀ ਨੇ ਕਿਤਾਬਾਂ ਵਿਚ ਮੇਰੀ ਦਿਲਚਸਪੀ ਵੇਖਦਿਆਂ ਮੈਨੂੰ ਅੱਗੇ ਪੜ੍ਹਾਈ ਜਾਰੀ ਕਰਨ ਲਈ ਕਿਹਾ ਤੇ ਕਵਿਤਾ ਕਹਾਣੀਆਂ ਰਾਹੀਂ ਆਪਣੇ ਭਾਵ ਪੇਸ ਕਰਨ ਦਾ ਢੰਗ ਦੱਸਿਆ। ਮੇਰੀ ਅੱਗੇ ਦੀ ਪੜ੍ਹਾਈ ਵੀ ਸੁਰੂ ਹੋ ਗਈ ਸੀ। ਮੇਰੇ ਵਿਆਹ ਦੇ ਪੰਜ ਮਹੀਨਿਆਂ ਮਗਰੋਂ ਮੈਂ ਇਕ ਪਹਿਲੀ ਕਵਿਤਾ 'ਹੌਂਸਲਾ' ਲਿਖੀ ਤੇ ਪੰਜਾਬੀ ਟ੍ਰਿਬਿਊਨ ਅਖਬਾਰ ਨੂੰ ਭੇਜੀ। ਉਹ ਕਵਿਤਾ ਛੇਵੇਂ ਦਿਨ ਹੀ ਅਖਬਾਰ ਵਿੱਚ ਲੱਗ ਗਈ। ਉਹ ਕਵਿਤਾ ਮੇਰੇ ਲਈ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸੀ ਸੀ। ਕਵਿਤਾ ਪੜ੍ਹ ਕੇ ਬਹੁਤ ਪਾਠਕਾਂ ਦੇ ਫੋਨ ਆਏ। ਕਿਸੇ ਨੇ ਗਿਫਟ ਵੱਜੋਂ ਪੈਨ ਭੇਂਟ ਕੀਤਾ ਤੇ ਕਿਸੇ ਨੇ ਕਿਤਾਬਾਂ। ਕੁਝ ਕੁ ਪਾਠਕਾਂ ਨੇ ਦੁਆਵਾਂ ਤੇ ਆਸੀਰਵਾਦ ਵੀ ਦਿੱਤੇ। ਇਸ ਕਵਿਤਾ ਤੋਂ ਮੈਨੂੰ ਹੋਰ ਲਿਖਣ ਦਾ ਹੌਂਸਲਾ ਮਿਲਿਆ। ਇੱਥੋਂ ਮੇਰੀ ਉਡਾਨ ਸੁਰੂ ਹੋਈ ਤੇ ਮੈਂ ਵੱਖ ਵੱਖ ਅਖਬਾਰਾਂ ਵਿੱਚ ਕਵਿਤਾ, ਕਹਾਣੀਆਂ, ਲੇਖ ਛਪਵਾਏ। ਮੇਰੇ ਹੁਣ ਤੱਕ ਵੱਖ ਵੱਖ ਅਖਬਾਰਾਂ ਵਿੱਚ ਸੌਂ ਦੀ ਗਿਣਤੀ ਦੇ ਨੇੜੇ ਲੇਖ ਛੱਪ ਚੁੱਕੇ ਹਨ। ਚੰਗੇ ਹਮਸਫਰ, ਕਿਤਾਬਾਂ ਦੀ ਸੰਗਤ ਤੇ ਪਾਠਕਾਂ ਦੇ ਪਿਆਰ ਨੇ ਮੈਨੂੰ ਇਹਨਾਂ ਪ੍ਰੇਰਿਤ ਕੀਤਾ ਕਿ ਮੈਂ ਆਪਣੇ ਹੱਥੀਂ ਇਕ ਪੁਸਤਕ ਲਿਖਣ ਦਾ ਫੈਸਲਾ ਕੀਤਾ ਤੇ ਮੈਂ ਆਪਣੇ ਹੱਥੀਂ ਆਪਣੀ ਪਹਿਲੀ ਪੁਸਤਕ 'ਰੱਬ ਕਿੱਥੇ ਹੈ !' ਲਿਖੀ ਵੀ। ਮੈਨੂੰ ਯਾਦ ਹੈ ਜਦੋਂ ਮੈਂ ਇਹ ਪੁਸਤਕ ਲਿਖਣੀ ਸੁਰੂ ਕੀਤੀ ਤਾਂ ਮੈਂ ਬਹੁਤ ਕੁਝ ਲਿਖਦੀ ਤੇ ਕੱਟ ਦਿੰਦੀ, ਜਿਸ ਕਾਰਨ ਮੇਰਾ ਪੈਨ ਹਰ ਤੀਜੇ ਦਿਨ ਖਤਮ ਹੋ ਜਾਂਦਾ ਸੀ। ਤੇ ਮੈਂ ਹਰ ਤੀਜੇ ਦਿਨ ਪੈਨ ਮੰਗਵਾਉਂਦੀ। ਤੇ ਮੈਨੂੰ ਬਾਰ ਬਾਰ ਆਪਣੇ ਹਮਸਫਰ ਨੂੰ ਪੈਨ ਲਿਆਉਣ ਲਈ ਕਹਿਣਾ ਬਹੁਤ ਔਖਾਂ ਲਗਦਾ। ਇਕ ਦਿਨ ਮੈਂ ਮੇਰੇ ਹਮਸਫਰ ਨੂੰ ਕਿਹਾ ਕਿ ਤੁਸੀਂ ਤੰਗ ਤਾਂ ਨਹੀਂ ਆ ਗਏ ਪੈਨ ਲਿਆਉਂਦੇ ਲਿਆਉਂਦੇ। ਤਾਂ ਉਹਨਾਂ ਨੇ ਮੇਰੇ ਮੋਢੇ ਉੱਤੇ ਹੱਥ ਧਰਦਿਆਂ ਕਿਹਾ ਕਿ ਤੂੰ ਪੜਣਾ ਤੇ ਲਿਖਣਾ ਬੰਦ ਨਾ ਕਰੀਂ, ਕਲਮਾਂ ਲਿਆਉਣ ਦਾ ਸਿਲਸਿਲਾ ਮੈਂ ਜਾਰੀ ਰੱਖਾਂਗਾਂ। ਇਹ ਸੁਣ ਕੇ ਮੇਰਾ ਮਨ ਭਰ ਗਿਆ। ਮੇਰਾ ਹਮਸਫਰ ਮੇਰੇ ਲਈ ਉਹ ਪਾਰਸ ਸਿੱਧ ਹੋਇਆ ਜਿਸ ਦੀ ਸੰਗਤ ਵਿੱਚ ਮੈਂ ਸੋਨਾ ਬਣ ਕੇ ਸਾਹਮਣੇ ਆਈ। ਹੁਣ ਮੈਨੂੰ ਕਿਤਾਬਾਂ ਪੜ੍ਹਨੀਆਂ ਚੰਗੀਆਂ ਲਗਦੀਆਂ ਹਨ। ਹੁਣ ਉਹ ਕਿਤਾਬਾਂ ਵਾਲਾ ਟੇਬਲ ਘਰ ਦੀ ਲਾਇਬ੍ਰੇਰੀ ਵਿੱਚ ਤਬਦੀਲ ਹੋ ਗਿਆ ਹੈ। ਜਿੱਥੇ ਅਸੀਂ ਦੋਵੇਂ ਬਹਿ ਕੇ ਕਿਤਾਬਾਂ ਪੜ੍ਹਦੇ ਤੇ ਪੜੇ ਹੋਏ ਵਿਸ਼ਿਆਂ ਉੱਤੇ ਗੱਲ ਬਾਤ ਕਰਦੇ ਹਾਂ। ਇਸ ਲਈ ਮੈਂ ਪੰਜਾਬੀ ਟ੍ਰਿਬਿਊਨ ਟੀਮ ਦੀ ਵੀ ਬਹੁਤ ਧੰਨਵਾਦੀ ਹਾਂ ਜੋ ਆਪਣੇ ਅਖਬਾਰ ਵਿੱਚ ਨਵੇਂ ਲੇਖਕਾਂ ਨੂੰ ਥਾਂ ਦਿੰਦੇ ਹਨ।

ਬਾਲ ਕਹਾਣੀ :

# ਮਿਹਨਤ ਦਾ ਫਲ



ਇੱਕ ਪਿੰਡ ਸੀ। ਪਿੰਡ ਵਿੱਚ ਗ਼ਰੀਬ ਕਿਸਾਨ ਰਹਿੰਦਾ ਸੀ। ਗਰੀਬ ਕਿਸਾਨ ਦਾ ਇੱਕ ਪੁੱਤਰ ਸੀ। ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਉਸ ਦਾ ਨਾਂ ਸੀ ਗੋਪਾਲ। ਉਸੇ ਪਿੰਡ ਵਿੱਚ ਇੱਕ ਸੇਠ ਰਹਿੰਦਾ ਸੀ। ਉਸ ਦਾ ਇੱਕ ਪੁੱਤਰ ਸੀ। ਉਸ ਦਾ ਨਾਂ ਸੀ ਪਾਰੁਲ। ਪਾਰੁਲ ਦਾ ਜਿ਼ਆਦਾ ਧਿਆਨ ਘੁੰਮਣ - ਫਿਰਨ ਵਿੱਚ ਰਹਿੰਦਾ ਸੀ। ਉਹ ਖੇਡਦਾ ਰਹਿੰਦਾ। ਸ਼ਰਾਰਤਾਂ ਕਰਦਾ , ਪਰ ਪੜ੍ਹਾਈ ਵੱਲ ਕੋਈ ਧਿਆਨ ਨਾ ਦਿੰਦਾ। ਸਮਾਂ ਬੀਤਦਾ ਗਿਆ।ਗੋਪਾਲ ਤੇ ਪਾਰੁਲ ਦਸਵੀਂ ਜਮਾਤ ਵਿੱਚ ਹੋ ਗਏ। ਸਾਲਾਨਾ ਨਤੀਜੇ ਦਾ ਦਿਨ ਆ ਗਿਆ। ਗੋਪਾਲ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਇਆ।ਜਦਕਿ ਪਾਰੂਲ ਫੇਲ੍ਹ ਹੋ ਗਿਆ। ਗੋਪਾਲ ਕਾਲਜ ਤੇ ਫੇਰ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਪੂਰੀ ਕਰਕੇ ਕੁਲੈਕਟਰ ਬਣ ਗਿਆ। ਜਦ ਕਿ ਪਾਰੁਲ ਦਸਵੀਂ ਪਾਸ ਨਾ ਕਰ ਸਕਿਆ। ਸੇਠ ਦੀ ਮੌਤ ਤੋਂ ਬਾਅਦ ਪਾਰੁਲ ਨੇ ਜ਼ਮੀਨ - ਜਾਇਦਾਦ ਵੇਚਣੀ ਸੁਰੂ ਕਰ ਦਿੱਤੀ ; ਕਿਉਂਕਿ ਉਹ ਬੁਰੀ ਸੰਗਤ ਵਿੱਚ ਪੈ ਗਿਆ ਸੀ। ਆਖਿਰ ਇੱਕ ਦਿਨ ਪਾਰੁਲ ਦੀ ਮੌਤ ਹੋ ਗਈ। ਪਰ ਗੋਪਾਲ ਨੇ ਸੱਚੇ ਮਨ ਨਾਲ ਪੜ੍ਹਾਈ ਕਰਕੇ ਆਪਣੇ ਮਾਤਾ - ਪਿਤਾ ਦਾ ਨਾਂ ਵੀ ਰੌਸ਼ਨ ਕੀਤਾ। ਇਹ ਸਭ ਗੋਪਾਲ ਦੀ ਸਖਤ ਮਿਹਨਤ ਦਾ ਹੀ ਨਤੀਜਾ ਸੀ। ਨਾਲ ਹੀ ਗੋਪਾਲ ਬੁਰੀ ਸੰਗਤ ਤੋਂ ਵੀ ਦੂਰ ਰਿਹਾ।

**ਮੈਡਮ ਰਜਨੀ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**

# ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ



**ਹਰਲਾਜ ਸਿੰਘ ਬਹਾਦਰਪੁਰ**
**ਮੋਬਾਇਲ-94170-23911**

ਸਾਡੇ ਰਿਸ਼ਤਿਆਂ,ਪਿਆਰ ਅਤੇ ਸਮਾਜ ਦਾ ਆਪਸ ਵਿੱਚ ਗੂੜਾ ਸਬੰਧ ਹੁੰਦਾ ਹੈ ਅਤੇ ਇਹ ਹੋਣਾ ਵੀ ਚਾਹੀਂਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਾਡੇ ਇਹ ਗੂੜੇ ਸਬੰਧ ਬਹੁਤ ਛੇਤੀ ਹੀ ਫਿੱਕੇ ਪੈ ਜਾਂਦੇ ਹਨ। ਇਹਨਾ ਦੇ ਫਿੱਕੇ ਪੈਣ ਦਾ ਕਾਰਨ ਸਾਡੀ ਉਹ ਜਿੱਦ ਹੁੰਦੀ ਹੈ ਜੋ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਹਨਾ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੀ ਹੁੰਦੀ ਹੈ, ਬੱਸ ਇਹੀ ਕਾਰਨ ਹੁੰਦਾ ਹੈ ਜੋ ਸਾਡੇ ਖ਼ੂਨ ਦੇ ਰਿਸਤਿਆਂ ਨੂੰ ਵੀ ਖ਼ੂਨੀ ਬਣਾ ਦਿੰਦਾ ਹੈ। ਉਦਾਹਰਣ ਦੇ ਤੌਰ ਤੇ ਇੱਕ ਲੜਕੀ ਅਤੇ ਲੜਕਾ ਮਾਪਿਆਂ ਜਾਂ ਜਾਤਾਂ ਧਰਮਾਂ ਦੀ ਰਜਾਬੰਦੀ ਤੋਂ ਵਗੈਰ ਵਿਆਹ ਕਰਵਾਉਣਾ ਚਹੁੰਦੇ ਹਨ, ਤਾਂ ਸਾਡਾ ਸਮਾਜ ਉਸ ਨੂੰ ਮਾਨਤਾ ਨਹੀਂ ਦਿੰਦਾ, ਸਮਾਜ ਵਿੱਚ ਅਪਣੀਆਂ ਜਿੱਦਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਦੀਆਂ ਬੰਦਸ਼ਾਂ ਅਨੁਸਾਰ ਆਪਣੇ ਆਪ ਨੂੰ ਸਹੀ ਰੱਖਣ ਲਈ, ਮਾਪੇ ਆਪਣੇ ਸੱਭ ਤੋਂ ਨੇੜਲੇ ਅਤੇ ਪਿਆਰੇ ਖ਼ੂਨ ਦੇ ਰਿਸ਼ਤੇ ਦੇ ਖ਼ੂਨੀ ਬਣ ਜਾਂਦੇ ਹਨ, ਪਰ ਇਸ ਖ਼ੂਨ ਦੇ ਹੋਣ ਨਾਲ ਸੱਭ ਕੁੱਝ ਬਦਲ ਜਾਂਦਾ ਹੈ, ਸੱਭ ਤੋਂ ਨੇੜਲੇ ਅਤੇ ਪਿਆਰੇ ਰਿਸਤੇ ਦੇ ਪੁੱਤ ਧੀ ਕਤਲ ਹੋ ਕੇ ਲਾਸ਼ਾਂ ਬਣ ਜਾਂਦੇ ਹਨ ਅਤੇ ਮਾਂ ਪਿਉ ਕਾਤਲ ਬਣ ਕੇ ਮੁਜਰਿਮ ਹੋ ਜਾਂਦੇ ਹਨ, ਜਿਸ ਸਮਾਜ ਵਿੱਚ ਆਪਣੇ ਆਪ ਨੂੰ ਸਹੀ ਰੱਖਣ ਲਈ ਇਹ ਕਦਮ ਚੁੱਕਿਆ ਜਾਂਦਾ ਹੈ, ਉਹ ਸਮਾਜ ਤੁਰੰਤ ਹੀ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਅੱਧੇ ਕਹਿਣਗੇ ਬੇਇੱਜਤੀ ਨਾਲੋਂ ਤਾਂ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣਾ ਹੀ ਚੰਗਾ ਹੈ, ਅੱਧੇ ਕਹਿਣਗੇ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣ ਨਾਲੋਂ ਤਾਂ ਬੱਚਿਆਂ ਨਾਲ ਸਹਿਮਤ ਹੋਣਾ ਚੰਗਾ ਸੀ, ਸਮਾਜ ਦੋ ਹਿੱਸਿਆਂ ਵਿੱਚ ਕਿਉਂ ਵੰਡਿਆ ਗਿਆ ? ਕਿਉਂਕਿ ਜੇ ਕਤਲ ਕਾਰਨ ਵਾਲੇ ਸਮਾਜ ਦਾ ਹਿੱਸਾ ਸਨ ਤਾਂ ਕਤਲ ਹੋਣ ਵਾਲੇ ਵੀ ਸਾਡੇ ਸਮਾਜ ਵਿੱਚੋਂ ਹੀ ਸਨ, ਸੋਚੋ ਅਜਿਹਾ ਕਰਕੇ ਕੀ ਮਿਲਿਆ ? ਰਿਸ਼ਤੇ ਵੀ ਗਏ, ਪਿਆਰ ਵੀ ਗਿਆ, ਬੱਚੇ ਵੀ ਗਵਾ ਲਏ, ਆਪਣੀ ਜਿੰਦਗੀ ਵੀ ਨਰਕ ਬਣਾ ਲਈ ਅਤੇ ਸਮਾਜ ਵੀ ਨਹੀਂ ਰਿਹਾ। ਇਹ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ ਕਿ ਵੱਡੇ (ਮਾਪੇ) ਹੀ ਛੋਟਿਆਂ (ਬੱਚਿਆਂ) ਉੱਤੇ ਆਪਣੀ ਸੋਚ ਥੋਪਦੇ ਹਨ, ਨਹੀਂ। ਸਮੇਂ ਅਨੁਸਾਰ ਛੋਟੇ (ਬੱਚੇ) ਵੀ ਵੱਡਿਆਂ (ਮਾਪਿਆਂ) ਉੱਤੇ ਆਪਣੀ ਸੋਚ ਵੀ ਉਵੇਂ ਹੀ ਥੋਪਦੇ ਹਨ, ਕਿਉਂਕਿ ਸਾਡੀ ਮਾਨਸਿਕਤਾ ਹੀ ਅਜਿਹੀ ਬਣੀ ਹੋਈ ਹੁੰਦੀ ਹੈ ਜਿਸ ਵਿੱਚ ਅਜਾਦੀ ਦੀ ਥਾਂ ਗੁਲਾਮੀ ਵਾਲੀ ਸੋਚ ਭਾਰੂ ਹੁੰਦੀ ਹੈ, ਜਿਸ ਕਾਰਨ ਅਸੀਂ ਇੱਕ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਹਨਾ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੇ ਹੁੰਦੇ ਹਾਂ। ਉਦਾਹਰਣ ਦੇ ਤੌਰ ਤੇ ਮੰਨ ਲਓ ਕਿ ਕਿਸੇ ਪਤੀ ਪਤਨੀ ਦੇ ਬੱਚੇ ਪੈਦਾ ਹੋਣ ਤੋਂ ਬਾਅਦ ਉਹਨਾ ਵਿੱਚੋਂ ਪਤੀ ਜਾਂ ਪਤਨੀ ਮਰ ਜਾਵੇ ਤਾਂ ਸਾਡਾ ਸਮਾਜ ਉਹਨਾ ਵਿੱਚੋਂ ਬਚੇ ਹੋਏ ਇੱਕ ਵੱਲੋਂ ਦੁਬਾਰਾ ਵਿਆਹ ਕਰਵਾਉਣ ਨੂੰ ਠੀਕ ਨਹੀਂ ਸਮਝਦਾ, ਜਿਵੇਂ ਕਿ ਜੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਵਿਆਹ ਕਰਵਾਉਣਾ ਚਾਹੇ ਤਾਂ ਪਤਨੀ ਨੂੰ ਸਮਾਜ ਕਹੇਗਾ ਬੱਸ ਤੇਰੇ ਕਰਮਾ ਵਿੱਚ ਪਤੀ ਦਾ ਇੰਨਾ ਹੀ ਸੁੱਖ ਸੀ ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖਬਰੈ ਅੱਗੇ ਕਿਹੋ ਜਿਹਾ ਮਾੜਾ ਬੰਦਾ ਟੱਕਰੇਗਾ, ਰੱਬ ਨੇ ਤੈਨੂੰ ਪੁੱਤ/ਧੀ ਦੇ ਦਿੱਤਾ ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦੀ ਚੰਗੀ ਨਹੀਂ ਲੱਗਦੀ, ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲ਼ੇਂਗੀ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ ਹੁਣ ਤੂੰ ਸਾਡੀ ਇੱਜਤ ਪੱਟੇਂਗੀ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ। ਇਸੇ ਤਰ੍ਹਾਂ ਜੇ ਕਿਸੇ ਦੀ ਪਤਨੀ ਮਰ ਜਾਵੇ ਤਾਂ ਪਤੀ ਨੂੰ ਸਮਾਜ ਕਹੇਗਾ ਬੱਸ ਤੇਰੇ ਕਰਮਾ ਵਿੱਚ ਪਤਨੀ ਦਾ ਇੰਨਾ ਹੀ ਸੁੱਖ ਸੀ ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖਬਰੈ ਅੱਗੇ ਕਿਹੋ ਜਿਹੀ ਮਾੜੀ ਤੀਵੀਂ ਟੱਕਰੇਗੀ, ਮਤੇਰ ਮਾਂ ਤਾਂ ਚੰਗੀ ਹੋ ਹੀ ਨਹੀਂ ਸਕਦੀ, ਰੱਬ ਨੇ ਤੈਨੂੰ ਪੁੱਤ/ਧੀ ਦੇ ਦਿੱਤਾ ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦਾ ਚੰਗਾ ਨਹੀਂ ਲੱਗਦਾ, ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲ਼ੇਂਗਾ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ ਹੁਣ ਤੂੰ ਸਾਡੀ ਇੱਜਤ ਪੱਟੇਂਗਾ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ। ਇਹ ਹੈ ਸਾਡਾ ਪਿਆਰ, ਰਿਸ਼ਤੇ ਅਤੇ ਸਮਾਜ। ਅਜਿਹੇ ਸਮਾਜ ਨੂੰ ਸਵਾਲ ਤਾਂ ਕਰਨਾ ਬਣਦਾ ਹੀ ਹੈ, ਕਿ ਕੀ ਮਾਪਿਆਂ ਦੀ ਸੋਚ ਅਨੁਸਾਰ ਹੀ ਬੱਚਿਆਂ ਦਾ ਵਿਆਹ ਕਰਵਾਉਣਾ ਜਾਂ ਕੀ ਬੱਚਿਆਂ ਦੀ ਸੋਚ ਅਨੁਸਰ ਹੀ ਮਾਪਿਆਂ ਦਾ ਵਿਆਹ ਨਾ ਕਰਵਾਉਣਾ ਹੀ ਚੰਗਾ ਹੈ ? ਕੀ ਇਨਸਾਨ ਦੀ ਆਪਣੀ ਕੋਈ ਜਿੰਦਗੀ ਨਹੀਂ ਹੈ ਜੋ ਉਹ ਆਪਣੀ ਸੋਚ ਅਨੁਸਾਰ ਜਿਉਂ ਸਕੇ ? ਕੀ ਜਿੰਦਗੀ ਦਾ ਮਨੋਰਥ ਬੱਚੇ ਪੈਦਾ ਕਰਕੇ ਪਲਣ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੁੰਦਾ ? ਅਸੀਂ ਆਪਣੇ ਲਈ ਕਦੋਂ ਜਿਉਂਣਾ ਸਿੱਖਾਂਗੇ ਜਾਂ ਜਿਉਣ ਲੱਗਾਂਗੇ, ਪਹਿਲਾਂ ਬੱਚੇ ਮਾਪਿਆਂ ਅਨੁਸਾਰ ਜਿਉਂਣ, ਫਿਰ ਮਾਪੇ ਬੱਚਿਆਂ ਅਨੁਸਾਰ ਜਿਉਂਣ, ਜਿੰਨਾ ਜਵਾਨ ਬੱਚਿਆਂ ਨੂੰ ਮਾਪਿਆਂ ਵੱਲੋਂ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ ਜਾਂ ਆਪਣੀ ਪਸੰਦ ਦਾ ਵਿਆਹ ਨਾ ਕਰਵਾਉਣ ਦੇਣਾ ਗਲਤ ਹੈ, ਉਨਾ ਹੀ ਜਵਾਨ ਬੱਚਿਆਂ ਵੱਲੋਂ ਮਾਪਿਆਂ ਨੂੰ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ, ਆਪਣੀ ਲੋੜ ਮੁਤਾਬਿਕ ਵਿਆਹ ਨਾ ਕਰਵਾਉਣ ਦੇਣਾ ਜਾਂ ਉਹਨਾ ਦੀਆਂ ਵੰਡੀਆਂ ਪਾਉਣਾ ਵੀ ਗਲਤ ਹੈ। ਕਿਤੇ ਮਾਪੇ ਬੱਚਿਆਂ ਦੇ ਭੋਲੇਪਣ ਜਾਂ ਨਿਆਣੇਪਣ ਅਤੇ ਆਪਣੇ ਵੱਡੇਪਣ ਦਾ ਲਾਭ ਉਠਾਉਂਦਿਆਂ ਬੱਚਿਆਂ ਨੂੰ ਆਪਣੀ ਸੋਚ ਅਨੁਸਾਰ ਜਾਤੀ ਜਾਂ ਧਾਰਮਿਕ ਰੰਗਾਂ ਵਿੱਚ ਰੰਗ ਰਹੇ ਹਨ, ਮੈਂ ਅਜਿਹੇ ਮਾਪਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਸਮਝਦਾਰ ਬੱਚੇ ਵੀ ਰੋਂਦੇ ਵੇਖੇ ਹਨ। ਕਿਤੇ ਜਵਾਨ ਹੋਏ ਬੱਚੇ ਆਪਣੀ ਤਾਕਤ ਅਤੇ ਮਾਪਿਆਂ ਦੀ ਬੇਵਸੀ ਦਾ ਨਾਜਾਇਜ ਫਾਇਦਾ ਉਠਾਉਂਦਿਆਂ ਆਪਣੀ ਸੋਚ ਅਨੁਸਾਰ ਮਾਪਿਆਂ ਦੀ ਸੋਚ ਦੇ ਰੰਗਾਂ ਨੂੰ ਉਤਾਰ ਰਹੇ ਹਨ, ਅਜਿਹੇ ਬੱਚਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਮਾਪੇ ਆਪਣੇ ਹੰਝੂ ਛੁਪਾ ਕੇ ਰੋਂਦੇ ਵੀ ਵੇਖੇ ਹਨ, ਜਿੰਨਾ ਦੇ ਬੱਚੇ ਅੱਡ ਹੋਣ ਸਮੇਂ ਮਾਂ ਪਿਓ ਨੂੰ ਇਕੱਠਿਆਂ ਰੋਟੀ ਦੇਣ ਦੀ ਥਾਂ ਜਾਇਦਾਦ ਦੇ ਨਾਲ਼ ਨਾਲ਼ ਉਹਨਾ ਨੂੰ ਵੀ ਅੱਧੋ ਅੱਧ ਵੰਡ ਕੇ ਵੱਖ ਵੱਖ ਕਰਦਿਆਂ ਇਕੱਲੇ ਇਕੱਲੇ ਨੂੰ ਤੜਪ ਤੜਪ ਕੇ ਰੋਣ ਲਈ ਮਜਬੂਰ ਕਰ ਦਿੰਦੇ ਹਨ, ਜਿੱਥੇ ਉਹਨਾ ਦੇ ਕੋਈ ਹੰਝੂ ਪੂੰਝਣ ਵਾਲਾ ਵੀ ਨਹੀਂ ਹੁੰਦਾ, ਅਜਿਹੇ ਮਾਪੇ ਆਪਣੇ ਘਰ ਵਿੱਚ ਹੀ ਕੈਦੀ ਬਣ ਕੇ ਰਹਿ ਜਾਂਦੇ ਹਨ, ਨਾਰੀਨਿਕੇਤਨਾਂ ਵਿੱਚ ਰੁਲ਼ ਰਹੇ ਬੱਚੇ ਅਤੇ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੇ ਮਾਪੇ ਸਾਡੇ ਇਸ ਵਰਤਾਰੇ ਦੀਆਂ ਪਰਤੱਖ ਉਦਾਹਰਣਾ ਹਨ। ਮਾਪੇ ਬੱਚਿਆਂ ਦੀ ਖੁਸ਼ੀ ਲਈ ਹਰ ਸੰਭਵ ਅਸੰਭਵ ਯਤਨ ਕਰਦੇ ਹਨ, ਮਾਪੇ ਆਪਣਾ ਸੁੱਖ ਅਰਾਮ ਤਿਆਗ ਕੇ ਬੱਚਿਆਂ ਦੇ ਵੇਖਣ, ਸੁਣਨ, ਖਾਣ-ਪੀਣ, ਪਹਿਨਣ ਅਤੇ ਰਹਿਣ ਸਹਿਣ ਦੀ ਹਰ ਵਸਤੂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਦੇ, ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਮਾਪਿਆਂ ਨੂੰ ਆਪਣੇ ਮਨ ਪਸੰਦ ਦਾ ਵੇਖਣਾ, ਸੁਣਨਾ, ਖਾਣਾ-ਪੀਣਾ, ਪਹਿਨਣਾ ਅਤੇ ਰਹਿਣਾ ਸਹਿਣਾ ਚੰਗਾ ਨਹੀਂ ਲੱਗਦਾ, ਅਜਿਹਾ ਕੁੱਝ ਚੰਗਾ ਉਹਨਾ ਨੂੰ ਵੀ ਬੱਚਿਆਂ ਵਾਂਗ ਹੀ ਲੱਗਦਾ ਹੁੰਦਾ ਹੈ, ਪਰ ਉਹ ਬੱਚਿਆਂ ਦੀਆਂ ਖੁਸ਼ੀਆਂ ਲਈ ਆਪਣੀਆਂ ਖੁਸ਼ੀਆਂ ਅਤੇ ਪਸੰਦਾਂ ਉੱਤੇ ਕਾਬੂ ਪਾ ਕੇ ਰੱਖਦੇ ਹਨ, ਕਿ ਆਪਣਾ ਤਾਂ ਕੀ ਹੈ, ਪਰ ਇਹ ਚੀਜਾਂ ਬੱਚਿਆਂ ਨੂੰ ਮਿਲਣੀਆਂ ਚਾਹੀਂਦੀਆਂ ਹਨ। ਪਰ ਆਪਣੇ ਬੱਚਿਆਂ ਨੂੰ ਹਰ ਸੈਅ ਮੁਹੱਈਆ ਕਰਵਾਉਣ ਵਾਲੇ ਮਾਪੇ ਅਖੀਰ ਹਰ ਸੈਅ ਤੋਂ ਵਾਂਝੇ ਹੋ ਕੇ ਆਪਣੀ ਜਿੰਦਗੀ ਨੂੰ ਖੁਦ ਲਈ ਨਾ ਜਿਉਣ ਦੇ ਪਛੋਤਾਵੇ ਵਿੱਚ ਬੈਠੇ ਮੌਤ ਦੀ ਉਡੀਕ ਕਰ ਰਹੇ ਹੁੰਦੇ ਹਨ। ਜਿਹੜੇ ਘਰਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਗੂੜ੍ਹੇ ਹਨ, ਜੋ ਇੰਨਸਾਨੀ ਕਦਰਾਂ ਕੀਮਤਾਂ ਨੂੰ ਸਮਝਦੇ ਹਨ, ਉਹਨਾ ਘਰਾਂ ਵਿੱਚ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸੀਆਂ ਜਿਹੀਆਂ ਸਮਾਜਿਕ ਬੁਰਾਈਆਂ ਜਨਮ ਨਹੀਂ ਲੈਂਦੀਆਂ। ਪਰ ਜਿਹੜੇ ਘਰਾਂ ਵਿੱਚ ਇਨਸਾਨੀ ਕਦਰਾਂ ਕੀਮਤਾਂ ਦੀ ਘਾਟ, ਆਪਸੀ ਤਾਲਮੇਲ, ਇੱਕ ਦੂਜੇ ਦੀਆਂ ਸੋਚਾਂ ਅਤੇ ਲੋੜਾਂ ਨੂੰ ਸਮਝਣ, ਸਮਝਾਉਣ ਦੀ ਕਮੀਂ ਹੁੰਦੀ ਹੈ ਉੱਥੇ ਹੀ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸੀਆਂ ਵਰਗੀਆਂ ਭੈੜੀਆਂ ਘਟਨਾਵਾਂ ਵਾਪਰਦੀਆਂ ਹਨ, ਪਰ ਅਫਸੋਸ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਨ ਜਾਂ ਆਪਣੀਆਂ ਕਮੀਆਂ ਨੂੰ ਸਮਝਣ ਦੀ ਥਾਂ ਸਾਰੇ ਦੋਸ਼ ਸਰਕਾਰਾਂ ਸਿਰ ਮੜ੍ਹ ਕੇ ਆਪ ਸੁਰਖ਼ਰੂ ਹੋ ਜਾਂਦੇ ਹਾਂ, ਜਿਸ ਕਾਰਨ ਇਹ ਵਰਤਾਰਾ ਵੱਧ ਰਿਹਾ ਹੈ। ਬੇਸ਼ੱਕ ਸਰਕਾਰਾਂ ਵੀ ਆਪਣੀ ਡਿਊਟੀ ਸਹੀ ਨਹੀਂ ਨਿਭਾਅ ਰਹੀਆਂ, ਪਰ ਕੀ ਅਸੀਂ ਆਪਣੇ ਫਰਜਾਂ ਨੂੰ ਸਮਝ ਰਹੇ ਹਾਂ ? ਨਹੀਂ। ਸਾਡੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਤਾਂ ਇੰਨੇ ਫਿੱਕੇ ਪੈ ਚੁੱਕੇ ਹਨ ਕਿ ਅਸੀਂ ਸਾਡੀਆਂ ਪਰਿਵਾਰਕ ਕਮੀਆਂ, ਲੜਾਈਆਂ ਝਗੜਿਆਂ ਕਾਰਨ ਛੋਟੇ ਵੱਡਿਆਂ ਵੱਲੋਂ ਕੀਤੀਆਂ ਖੁਦਕੁਸੀਆਂ ਨੂੰ ਬੇਰੁਜਗਾਰੀ ਅਤੇ ਆਰਥਿਕਤਾ ਨਾਲ ਜੋੜ ਕੇ ਉਸ ਦਾ ਵੀ ਮੁੱਲ ਵੱਟ ਲੈਂਦੇ ਹਾਂ। ਇਹ ਹੈ ਸਾਡੇ ਰਿਸਤਿਆਂ, ਪਿਆਰ ਅਤੇ ਸਮਾਜ ਦੀ ਤਰਾਸਦੀ। ਬੱਚਿਓ ਅਤੇ ਮਾਪਿਓ ਸਮਝ ਜਾਓ, ਆਪਣੀਆਂ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਆਪਣੇ ਰਿਸ਼ਤਿਆਂ ਅਤੇ ਪਿਆਰ ਨੂੰ ਬਚਾ ਕੇ ਸੋਹਣਾ, ਪਿਆਰਾ ਅਤੇ ਅਜਾਦ ਸਮਾਜ ਸਿਰਜ ਲਓ, ਇਹਨਾ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੇ ਤੁਹਾਡੇ ਕੋਲ ਸੱਭ ਕੁੱਝ ਪੈਸਾ, ਕਾਰਾਂ, ਕੋਠੀਆਂ ਆਦਿ ਹੁੰਦਿਆਂ ਵੀ ਜਿੰਦਗੀ ਦਾ ਅਨੰਦ ਨਹੀਂ ਆਉਣ ਦੇਣਾ। ਇਸ ਲਈ ਆਓ ਅਸੀਂ ਸਾਰੇ ਰਲ਼ ਕੇ ਅਪਣੀਆਂ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਇੱਕ ਦੂਜੇ ਉੱਤੇ ਆਪਣੀ ਸੋਚ ਥੋਪ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਫਿੱਕਾ ਕਰਕੇ ਨਫਰਤਾਂ ਫੈਲਾਉਣ, ਨਸ਼ੇ ਜਾਂ ਖੁਦਕੁਸ਼ੀਆਂ ਕਰਨ ਦੀ ਥਾਂ ਆਪੋ ਆਪਣੀ ਸੋਚ ਅਨੁਸਾਰ ਜਿੰਦਗੀ ਜਿਉਣ ਲਈ ਇੱਕ ਦੂਜੇ ਦਾ ਸਾਥ ਦੇ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਹੋਰ ਵੀ ਗੂੜਾ ਕਰੀਏ। ਇੱਥੇ ਮੇਰਾ ਇਹ ਮਤਲਬ ਨਹੀਂ ਹੈ ਕਿ ਸਾਨੂੰ ਇੱਕ ਦੂਜੇ ਦੀ ਗੱਲ ਨਹੀਂ ਮੰਨਣੀ ਚਾਹੀਂਦੀ ਜਾਂ ਆਪੋ ਧਾਪੀ ਕਰਨੀ ਚਾਹੀਂਦੀ ਹੈ, ਨਹੀਂ ਮੈਂ ਤਾਂ ਚਾਹੁੰਦਾ ਹਾਂ ਕਿ ਸਾਨੂੰ ਰਿਸ਼ਤਿਆਂ ਵਿੱਚ ਪਿਆਰ ਕਾਇਮ ਰੱਖਣ ਲਈ ਆਪਣਿਆਂ ਬੱਚਿਆਂ/ਮਾਪਿਆਂ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਦਾ ਧਿਆਨ ਰੱਖਦਿਆਂ ਹਰ ਗੱਲ ਤੇ ਆਪਸ ਵਿੱਚ ਮਿਲ ਬੈਠ ਕੇ ਵਿਚਾਰ ਕਰਨੀ ਚਾਹੀਂਦੀ ਹੈ, ਕਿਸੇ ਦੀ ਗੱਲ ਨੂੰ ਵੱਡਿਆਂ ਜਾਂ ਛੋਟਿਆਂ ਦੀ ਇੱਜਤ ਦਾ ਸਵਾਲ ਬਣਾਉਣ ਜਾਂ ਦੂਜੇ ਦੀ ਜਿੰਦਗੀ ਵਿੱਚ ਰੁਕਾਵਟ ਪਾਉਣ ਦੀ ਥਾਂ ਸਹਿਯੋਗ ਦੇਣਾ ਚਾਹੀਂਦਾ ਹੈ, ਬੇਸ਼ੱਕ ਕਾਨੂੰਨ ਨੇ ਸਾਨੂੰ ਸੱਭ ਨੂੰ ਅਜਿਹੇ ਹੱਕ ਦਿੱਤੇ ਹੋਏ ਹਨ, ਕਿ ਕੋਈ ਕਿਸੇ ਦੀ ਨਿੱਜੀ ਜਿੰਦਗੀ ਵਿੱਚ ਦਖਲ ਨਹੀਂ ਦੇ ਸਕਦਾ, ਪਰ ਜੇ ਉਹ ਜਾਇਜ ਹੱਕ ਵੀ ਅਸੀਂ ਆਪਸ ਵਿੱਚ ਲੜ ਕੇ, ਰਿਸ਼ਤੇ ਅਤੇ ਪਿਆਰ ਗਵਾ ਕੇ ਪ੍ਰਾਪਤ ਕੀਤੇ ਫਿਰ ਵੀ ਕੀ ਫਾਇਦਾ ਹੋਇਆ, ਕਿੰਨਾ ਚੰਗਾ ਹੋਵੇ ਕਿ ਜੇ ਅਸੀਂ ਇੱਕ ਦੂਜੇ ਤੋਂ ਹੱਕ ਲੈਣ ਲਈ ਲੜ ਕੇ ਹੱਥ ਉਠਾਉਣ ਦੀ ਥਾਂ, ਇੱਕ ਦੂਜੇ ਨੂੰ ਉਸ ਦੇ ਹੱਕ ਦੇਣ ਲਈ ਪਿਆਰ ਨਾਲ ਹੱਥ ਅੱਗੇ ਵਧਾਈਏ, ਫਿਰ ਉਹਨਾ ਉੱਠੇ ਹੱਥਾਂ ਵਿੱਚੋਂ ਨਫਰਤ ਦੀ ਥਾਂ ਸਾਡੇ ਰਿਸ਼ਤਿਆਂ ਦਾ ਪਿਆਰ ਝੱਲਕੇਗਾ ਅਤੇ ਸਾਡਾ ਸਾਰਾ ਸਮਾਜ ਹੀ ਪਿਆਰ ਦੇ ਗੂੜੇ ਰੰਗ ਵਿੱਚ ਰੰਗਿਆ ਜਾਵੇਗਾ।

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings